
Akhand Kirtani Jatha (Regd.) Chandigarh

# ਆਤਮ ਰੰਗ

ੴ

ਜਿਲਦ ੨੩ | ਮਈ 2022 | ਵੈਸਾਖ-ਜੇਠ 554 ਨਾਨਕਸ਼ਾਹੀ | May 2022 | ਅੰਕ 5

ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ




ਪਵਿੱਤਰ ਇਤਿਹਾਸਕ ਨਗਰ ਸ੍ਰੀ ਗੋਇੰਦਵਾਲ ਸਾਹਿਬ ਨੂੰ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਕੇਂਦਰ ਸਥਾਪਤ ਕੀਤਾ। ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਨੇ ਸੰਗਤਾਂ ਦੀ ਆਤਮਿਕ ਤੇ ਸੰਸਾਰਕ ਤ੍ਰਿਪਤੀ, ਤਨ-ਮਨ ਦੀ ਪਵਿੱਤਰਤਾ, ਊਚ-ਨੀਚ, ਜਾਤ-ਪਾਤ ਦੇ ਭੇਦਭਾਵ ਨੂੰ ਦੂਰ ਕਰਨ ਲਈ 84 ਪੌੜੀਆਂ ਵਾਲੀ ਬਾਉਲੀ ਸਾਹਿਬ ਦੀ ਰਚਨਾ ਕਰਵਾਈ। ਅੱਜ ਵੀ ਗੋਇੰਦਵਾਲ ਸਿੱਖੀ ਦਾ ਧੁਰਾ ਹੈ। ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ 1552 ਈਸਵੀ ਵਿਚ ਇੱਥੇ ਹੀ ਗੁਰਗੱਦੀ 'ਤੇ ਬਿਰਾਜਮਾਨ ਹੋਏ।

## ਗੁਣ ਗਾਵਤ ਗਾਵਤ ਭਏ ਨਿਹਾਲਾ ॥
## ਮਿਲਿ ਹਰਿ ਕੀਰਤਨੁ ਸੁਨੀਐ ਰਾਮ ॥













ਵਿਸ਼ੇਸ਼ ਅਖੰਡ ਕੀਰਤਨ ਸਮਾਗਮ, ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ ਵੱਲੋਂ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਚੰਡੀਗੜ੍ਹ ਵਾਲਿਆਂ ਦੀ ਯਾਦ ਵਿੱਚ ਮਿਤੀ 16.04.2022 ਨੂੰ ਗੁਰਦੁਆਰਾ ਸਾਹਿਬ ਪ:10ਵੀਂ ਨਾਢਾ ਸਾਹਿਬ (ਪੰਚਕੁਲਾ) ਵਿਖੇ ਕਰਵਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਨਾ ਜੀਵਨ ਸਫਲ ਕੀਤਾ।

ੴ ਠਾਕੁਰ ਗਾਈਐ ਆਤਮ ਰੰਗਿ ੴ

Akhand Kirtani Jatha (Regd.) Chandigarh

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

*ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।*

ਜਿਲਦ ੨੩ | ਮਈ 2022 | ਵੈਸਾਖ-ਜੇਠ 554 ਨਾਨਕਸ਼ਾਹੀ | May 2022 | ਅੰਕ 5

*ਬਾਨੀ ਤੇ ਸਾਬਕਾ ਮੁੱਖ ਸੰਪਾਦਕ*



*ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ*
ਚੰਡੀਗੜ੍ਹ


**ਮੁੱਖ ਸੰਪਾਦਕ**
*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*
**ਦਫ਼ਤਰ**
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245*
**E-mail :** atamrang3@gmail.com
**ਕਾਨੂੰਨੀ ਸਲਾਹਕਾਰ**
*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*


**ਚੰਦਾ**

| | |
|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ |
| ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ |
| ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

ਸਰਬੱਤ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਸਹਿਜ ਪਾਠ ਕਰ ਕੇ ਕਰੋ ਜੀ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

## ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– ਡਾ. ਤਾਰਨ ਸਿੰਘ ਜੀ, ਪਟਿਆਲਾ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਗੁਰਸਿੱਖੀ ਬਾਰੀਕ ਹੈ 9
  *– ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ*
- ਇਕ ਦੇਵਹੁ ਰਾਤਿ ਮੁਰਾਰੀ 11
  *– ਪ੍ਰੋ. ਹਰਬੰਸ ਸਿੰਘ ਜੀ, ਲੁਧਿਆਣਾ*
- ਸਿਮਰਨ 15
  *– ਭਾਈ ਜਸਵੰਤ ਸਿੰਘ ਜੀ – 'ਬਾਊ ਜੀ' ਦੋਦੜੇ ਵਾਲੇ*
- ਹਰਿ ਕੀਰਤਨ 18
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਗੁੱਤਾਂ ਨੂੰ ਛਡੋਂ ਭੈਣੋ ਪਹਿਰੋ ਦਸਤਾਰ ਨੂੰ 21
  *– ਪ੍ਰੋ. ਹਰਵਿੰਦਰ ਕੌਰ ਜੀ, ਫਰੀਦਾਬਾਦ*
- ਭਲੋ ਅਮਰਦਾਸ ਗੁਣ ਤੇਰੇ 22
  *– ਐਡਵੋਕੇਟ ਰਵਿੰਦਰ ਸਿੰਘ ਸੈਂਪਲਾ*
- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਹਿਲੀ ਜੰਗ 27
  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ., ਜਗਾਧਰੀ*
- ਨਿਮਰਤਾ ਕੀ ਹੈ ? 29
  *– ਭਾਈ ਗੋਬਿੰਦ ਸਿੰਘ ਮਨਸੁਖਾਨੀ ਜੀ*
- ਸੁਖਮਨੀ ਸਾਹਿਬ 30

## *ਸੰਪਾਦਕੀ...*

ਮਈ ਦਾ ਮਹੀਨਾ ਸਾਰੀ ਮਨੁੱਖਤਾ ਨੂੰ ਭਾਣਾ ਮੰਨਣ ਦੀ ਜਾਚ ਸਿਖਾਉਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤਿ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਤੱਤੀ ਤਵੀ 'ਤੇ ਬੈਠ ਕੇ, ਸੀਸ ਵਿਚ ਤੱਤਾ ਰੇਤਾ ਪੁਆ ਕੇ, ਭਾਣਾ ਮੰਨਣ ਦੀ ਜਾਚ ਸਿਖਾਈ। ਆਪਣੇ ਬਚਨਾਂ ਨੂੰ ਪ੍ਰਤੱਖ ਰੂਪ ਵਿਚ ਪ੍ਰਗਟ ਕਰ ਦਿਖਾਇਆ। *'ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ (ਅੰਗ-੩੯੪) '* ਅਤੇ *'ਮਨ ਰੇ ਗੁਰ ਕੀ ਕਾਰ ਕਮਾਇ ॥ ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥' (ਅੰਗ-੬੬)*

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*

*ਅੰਗ - ੧*

ਸ਼ਹਾਦਤ ਦੇ ਸ਼ਬਦ ਨੂੰ ਅਮਲ ਵਿਚ ਉਤਾਰਨ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਸ਼ੁਰੂ ਕੀਤਾ ਅਤੇ ਇਨ੍ਹਾਂ ਰਾਹਾਂ ਤੇ ਚਲਦਿਆਂ ਗੁਰੂ ਤੇਗ ਬਹਾਦਰ ਜੀ ਨੇ ਅਦੁੱਤੀ ਇਤਿਹਾਸ ਸਿਰਜਿਆ ਅਤੇ ਇਨ੍ਹਾਂ ਹੀ ਪੂਰਨਿਆਂ ਤੇ ਚਲਦਿਆਂ ਅਨੇਕਾਂ ਸਿੱਖਾਂ/ਸਿੰਘਾਂ/ਸਿੰਘਣੀਆਂ ਨੇ ਆਪਣਾ ਲਹੂ ਡੋਲ੍ਹ ਕੇ ਇਕ ਅਜਿਹਾ ਮਹੱਲ ਉਸਾਰਿਆ ਜਿਸ ਦਾ ਗਵਾਹ ਸਿੱਖ ਇਤਿਹਾਸ ਹੈ।

ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੀ ਪੰਜਵੀਂ ਨਾਨਕ ਜੋਤਿ ਹਨ। ਆਪ ਜੀ ਦਾ ਪ੍ਰਕਾਸ਼ ੧੫੬੩ ਈ. ਨੂੰ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਸਾਹਿਬ ਦੇ ਸਥਾਨ 'ਤੇ ਹੋਇਆ। ਆਪ ਜੀ ਦਾ ਬਚਪਨ ਬਿਆਸ ਦਰਿਆ ਦੇ ਕੰਢੇ 'ਤੇ ਖੇਡਦਿਆਂ ਬਤੀਤ ਹੋਇਆ। ਬਾਣੀ ਰਚਨ ਦੀ ਦਾਤ ਆਪ ਜੀ ਨੂੰ ਵਿਰਸੇ ਤੋਂ ਹੀ ਪ੍ਰਾਪਤ ਹੋਈ। ਆਪ ਜੀ ਦੀ ਚੇਤਨ ਬੁੱਧੀ ਨੂੰ ਦੇਖਦੇ ਹੋਏ ਆਪ ਜੀ ਦੇ ਨਾਨਾ ਗੁਰੂ ਤੀਸਰੇ ਪਾਤਸ਼ਾਹ ਨੇ ਬਚਨ ਕੀਤੇ ਸਨ -

*ਦੋਹਿਤਾ ਬਾਣੀ ਕਾ ਬੋਹਿਥਾ।*

ਆਪ ਜੀ ਨੇ ਬਹੁਤ ਜਲਦੀ ਬਾਬਾ ਬੁੱਢਾ ਜੀ ਦੀ ਦੇਖ-ਰੇਖ ਅਤੇ ਭਾਈ ਗੁਰਦਾਸ ਜੀ ਦੇ ਸੰਗ-ਸਾਥ ਨਾਲ ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਨੂੰ ਪੂਰੀ ਤਰ੍ਹਾਂ ਸਿੱਖ ਲਿਆ ਸੀ। ੧੫੮੧ ਈ. ਵਿਚ ਆਪ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ। ਜਦੋਂ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਵਲ ਨਜ਼ਰ ਮਾਰਦੇ ਹਾਂ ਤਾਂ ਸੱਚ, ਸ਼ਾਂਤੀ, ਧੀਰਜ ਅਤੇ ਧਰਮ ਦਾ ਦਰਿਆ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ।

੧੬੦੬ ਈ. ਵਿਚ ਆਪ ਜੀ ਨੇ ਸ਼ਹਾਦਤ ਦੇ ਕੇ ਸਿੱਖ ਧਰਮ ਵਿਚ ਸ਼ਹਾਦਤ ਦੀ ਪਰੰਪਰਾ ਦਾ ਮੁੱਢ ਬੰਨ੍ਹਿਆ। ਸ਼ਹਾਦਤ ਦੇ ਕਾਰਨਾਂ ਦੀ ਵਰਗ ਵੰਡ ਦੇਖਣ ਤੋਂ ਪਤਾ ਲਗਦਾ ਹੈ ਕਿ ਸ਼ਹਾਦਤ ਦੇ ਘਰੇਲੂ, ਰਾਜਸੀ ਅਤੇ ਧਾਰਮਿਕ ਕਈ ਕਾਰਨ ਸਾਹਮਣੇ ਆਉਂਦੇ ਹਨ। ਪਰ ਪ੍ਰਮੁੱਖ ਕਾਰਨ ਮੁਸਲਿਮ ਹਾਕਮਾਂ ਦੀ ਧਾਰਮਿਕ ਕੱਟੜਤਾ ਸੀ। ਸਿੱਖੀ ਦਾ ਪ੍ਰਚਾਰ, ਪ੍ਰਸਾਰ ਅਤੇ ਗਿਆਨ ਦੇ ਸੂਰਜ ਦਾ ਪ੍ਰਕਾਸ਼ ਗੁਰਬਾਣੀ ਦੇ ਰੂਪ ਵਿਚ ਹੋ ਰਿਹਾ ਸੀ। ਧਾਰਮਿਕ ਕੱਟੜਤਾ ਦੇ ਸ਼ਿਕਾਰ ਹੋਏ ਮੌਕੇ ਦੇ ਬਾਦਸ਼ਾਹ ਜਹਾਂਗੀਰ ਅਤੇ ਹੋਰ ਕੱਟੜ ਮੁੱਲਾਂ-ਮੁਲਾਣਿਆਂ ਨੂੰ ਇਹ ਨਹੀਂ ਸੀ ਭਾਉਂਦਾ।

੧੫੮੯ ਈ. ਨੂੰ ਗੁਰੂ ਸਾਹਿਬ ਦੇ ਗੁਰੂ ਪਿਤਾ ਗੁਰੂ ਰਾਮਦਾਸ ਜੀ ਵਲੋਂ ਤਿਆਰ ਕੀਤੇ ਅੰਮ੍ਰਿਤ ਸਰੋਵਰ ਅਤੇ ਵਿਚਕਾਰ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਕੋਲੋਂ ਰਖਵਾਈ ਗਈ। ਸ੍ਰੀ ਹਰਿਮੰਦਰ ਸਾਹਿਬ ਦੇ ੪ ਦਰਵਾਜੇ ਰੱਖੇ ਗਏ ਜੋ ਕਿ ਸਭ ਧਰਮਾਂ ਦੇ ਲੋਕਾਂ ਨੂੰ ਬਰਾਬਰ ਪਿਆਰ ਨਾਲ ਗਲੇ ਲਗਾਉਣ ਦਾ ਸੂਚਕ ਸੀ। ਗੁਰੂ ਅਰਜਨ ਦੇਵ ਜੀ ਦਾ ਵਿਸ਼ੇਸ਼ ਵਿਲੱਖਣ ਕਾਰਜ ਆਦਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੀ। ਸਿੱਖ ਧਰਮ ਸਰਬ ਸਾਂਝਾ ਧਰਮ ਪ੍ਰਵਾਨ ਹੋ ਰਿਹਾ ਸੀ। ਦਿਨ ਪ੍ਰਤੀ ਦਿਨ ਇਸ ਦੀ ਹਰਮਨ ਪਿਆਰਤਾ ਵਧ ਰਹੀ ਸੀ। ਹਰ ਮਜ਼੍ਹਬ ਨਾਲ ਸਬੰਧ ਰੱਖਣ ਵਾਲੀਆਂ ਸੰਗਤਾਂ ਦੂਰੋਂ ਨੇੜਿਓਂ ਚਲ ਕੇ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਜੀਵਨ ਸਫਲ ਕਰ ਰਹੀਆਂ ਸਨ। ਇਸ ਲੋਕ ਪਿਆਰਤਾ ਨੇ ਵਿਰੋਧੀਆਂ ਵਿਚ ਗੁਰੂ ਘਰ ਪ੍ਰਤੀ ਈਰਖਾ ਅਤੇ ਸਾੜੇ ਦੀ ਭਾਵਨਾ ਭਰ ਦਿਤੀ। ੧੬੦੫ ਈ. ਨੂੰ ਅਕਬਰ ਦੇ ਚੜ੍ਹਾਈ ਕਰਨ ਉਪਰੰਤ ਉਸ ਦੇ ਬੇਟੇ ਜਹਾਂਗੀਰ ਨੇ ਅਕਬਰ ਦੀ ਸ਼ਹਿਨਸ਼ੀਲਤਾ ਦੀ ਨੀਤੀ ਨੂੰ ਤਿਲਾਂਜਲੀ ਦੇ ਕੇ ਕੱਟੜਪੁਣੇ ਦੀ ਨੀਤੀ ਅਪਣਾ ਲਈ। ਸਭ ਤੋਂ ਵੱਡੀ ਭੂਮਿਕਾ ਨਕਸਬੰਦੀ ਸਿਲਸਿਲਾ ਨਿਭਾ ਰਿਹਾ ਸੀ। ਨਕਸ਼ਬੰਦੀ ਸਿਲਸਿਲੇ ਦਾ ਮੁਖੀ ਸ਼ੇਖ ਅਹਿਮਦ ਸਰਹਿੰਦੀ ਸੀ ਜਿਹੜਾ ਕਿ ਅਕਬਰ ਦੀ ਉਦਾਰ ਨੀਤੀ ਦਾ ਵੱਡਾ ਵਿਰੋਧੀ ਸੀ। ਉਸ ਦਾ ਨਿਸ਼ਾਨਾ ਪੰਜਾਬ ਦੀ ਧਰਤੀ ਨੂੰ ਇਸਲਾਮ ਵਿਚ ਤਬਦੀਲ ਕਰਨਾ ਸੀ ਪਰ ਸਿੱਖ ਧਰਮ ਦੀ ਹਰਮਨ ਪਿਆਰਤਾ ਉਸ ਲਈ ਅਸਹਿ ਹੋ ਰਹੀ ਸੀ। ਜਹਾਂਗੀਰ ਇਸ ਨਕਸ਼ਬੰਦੀ ਸਿਲਸਿਲੇ ਦੇ ਪ੍ਰਭਾਵ ਵਿਚ ਸੀ। ਜਹਾਂਗੀਰ ਖੁਦ ਕੱਟੜਪੰਥੀ ਸੀ ਤੇ ਇਹੋ ਜਿਹੇ ਬੰਦਿਆਂ ਦਾ ਪ੍ਰਭਾਵ ਹੀ ਕਬੂਲਦਾ ਸੀ। ਇਸ ਦਾ ਪ੍ਰਗਟਾਵਾ ਤੁਜ਼ਕੇ-ਜਹਾਂਗੀਰੀ' ਤੋਂ ਸਹਿਜੇ ਹੀ ਲੱਗ ਜਾਂਦਾ ਹੈ।

ਨੇਕ ਮੁਸਲਮਾਨਾਂ ਦਾ ਗੁਰੂ ਘਰ ਪ੍ਰਤੀ ਅਥਾਹ ਪਿਆਰ ਤੇ ਗੁਰੂ ਜੀ ਦੇ ਉਪਾਸਕ ਬਣਨਾ ਜਹਾਂਗੀਰ ਨੂੰ ਨਹੀਂ ਸੀ

ਭਾਉਂਦਾ। ਖੁਸਰੋ ਜਹਾਂਗੀਰ ਦਾ ਸਭ ਤੋਂ ਵੱਡਾ ਬੇਟਾ, ਐਨਾ ਕੱਟੜ ਨਹੀਂ ਸੀ, ਸਗੋਂ ਆਪਣੇ ਦਾਦੇ ਅਕਬਰ ਵਾਂਗੂੰ ਸਹਿਨਸ਼ੀਲ ਸੀ। ਜਹਾਂਗੀਰ ਨੇ ਇਸ ਨੂੰ ਆਗਰੇ ਦੀ ਜੇਲ੍ਹ ਵਿਚ ਬੰਦ ਕਰ ਦਿਤਾ ਕਿਉਂਕਿ ਇਸ ਨੂੰ ਆਪਣੇ ਹੀ ਬੇਟੇ ਤੋਂ ਗੱਦੀ ਖੁਸਣ ਦਾ ਖਤਰਾ ਨਜ਼ਰ ਆ ਰਿਹਾ ਸੀ। ਬੇਟੇ ਨੇ ਬਗਾਵਤ ਦਾ ਐਲਾਨ ਕਰ ਦਿਤਾ। ਉਹ ਜੇਲ੍ਹ ਤੋਂ ਭੱਜ ਗਿਆ। ਬਾਅਦ ਵਿਚ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕਰਵਾ ਕੇ ਸਖਤ ਸਜ਼ਾ ਦਿਤੀ ਗਈ, ਪਰ ਪੰਜਾਬ ਵਿਚ ਲੰਘਣ ਸਮੇਂ ਸੱਚੇ ਪਾਤਸ਼ਾਹ ਕੋਲ ਲੰਗਰ ਛਕਣਾ, ਗੋਇੰਦਵਾਲ ਸਾਹਿਬ ਠਹਿਰਨਾ, ਆਦਿ, ਦੋਸ਼ ਲਾਏ ਗਏ। ਪਰ ਗੁਰੂ ਸਾਹਿਬ ਨੇ ਹਲੀਮੀ ਨਾਲ ਜਵਾਬ ਦਿੰਦਿਆਂ ਕਿਹਾ ਕਿ ਇਹ ਗੁਰੂ ਨਾਨਕ ਦਾ ਦਰ ਸਰਬ ਸਾਂਝਾ ਹੈ ਇਥੇ ਕੋਈ ਵੀ ਆ ਜਾ ਸਕਦਾ ਹੈ। ਆਦਿ ਗੁਰੂ ਗ੍ਰੰਥ ਸਾਹਿਬ ਅੰਦਰ ਮੁਹੰਮਦ ਸਾਹਿਬ ਦੀ ਤਾਰੀਫ ਲਿਖਣ ਤੋਂ ਗੁਰੂ ਸਾਹਿਬ ਵਲੋਂ ਇਸ ਨੂੰ ਪ੍ਰਵਾਨ ਨਾ ਕਰਨਾ ਸ਼ਹੀਦੀ ਦੇ ਸਹਾਇਕ ਕਾਰਨਾਂ ਵਿਚੋਂ ਇਕ ਸੀ। ਰਾਜਨੀਤੀ ਦੇ ਨਸ਼ੇ ਵਿਚ ਅੰਨ੍ਹੇ ਹੋਏ ਜਹਾਂਗੀਰ ਨੇ ਸੱਚੇ ਪਾਤਸ਼ਾਹ ਨੂੰ 'ਯਾਸਾ' ਦੇ ਅਧੀਨ ਸਜ਼ਾ ਦੇ ਕੇ ਸ਼ਹੀਦ ਕਰਨ ਦੇ ਹੁਕਮ ਦੇ ਦਿਤੇ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੇ ਨਾਲ ਸਿੱਖ ਧਰਮ ਵਿਚ ਸ਼ਹਾਦਤਾਂ ਦਾ ਦੌਰ ਸ਼ੁਰੂ ਹੋ ਗਿਆ ਅਤੇ ਸਿੱਖਾਂ ਵਿਚ ਇਕ ਨਵੀਂ ਚੇਤਨਾ ਪੈਦਾ ਹੋ ਗਈ। ਸ਼ਹਾਦਤ ਤੋਂ ਥੋੜ੍ਹੇ ਸਮੇਂ ਪਿੱਛੋਂ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦਾ ਸਿਧਾਂਤ ਸਿੱਖ ਕੌਮ ਵਿਚ ਸਥਾਪਿਤ ਕਰਕੇ ਉਹਨਾਂ ਅੰਦਰ ਸਵੈ-ਮਾਨ ਹਿਤ ਮਰ-ਮਿਟਣ ਦਾ ਜਜ਼ਬਾ ਪੈਦਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਰਾਹੀਂ ੧੬੯੯ ਦੀ ਵਿਸਾਖੀ 'ਤੇ ਖਾਲਸੇ ਦੀ ਸਿਰਜਨਾ ਇਸੇ ਸਿਧਾਂਤ ਦੀ ਪੂਰਨਤਾ ਸੀ।

ਆਪ ਜੀ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਂਦਿਆਂ ਕੇਵਲ ਛਬੀਲਾਂ ਲਾਉਣ ਤੱਕ ਹੀ ਸੀਮਤ ਨਾ ਰਹੀਏ ਬਲਕਿ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ '***ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥***' ਜੀਵਨ ਸਫਲ ਕਰੀਏ। ਗੁਰਸਿੱਖੀ ਧਾਰਨ ਕਰਕੇ ਆਪਣਾ ਆਕੀਦਾ ਤੇ ਸ਼ਰਧਾ ਭੇਟ ਕਰੀਏ ਤਾਂ ਜੋ ਸਾਡੇ ਵਲੋਂ ਮਨਾਏ ਜਾਂਦੇ ਸ਼ਹੀਦੀ ਦਿਵਸ ਸਫਲ ਹੋ ਸਕਣ ਤੇ ਅਸੀਂ ਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕੀਏ।

# ਬਾਰਹ ਮਾਹ ਕਥਾ

*[ਡਾ. ਤਾਰਨ ਸਿੰਘ ਜੀ, ਪਟਿਆਲਾ]*

***ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।। ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥ ਅੰਗ - 134***

**ਅਰਥ**

ਬਾਰਹਮਾਹਾ ਮਾਝ ਦੀ ਇਸ ਪਉੜੀ ਦੇ ਸਰਲ ਅੱਖਰੀ ਅਰਥ ਇਸ ਪ੍ਰਕਾਰ ਹਨ -

1) ਜੇਠ ਦੇ ਮਹੀਨੇ, ਭਾਵ ਜੀਵਨ ਵਿਚ ਹਰੀ ਪਰਮਾਤਮਾ ਨਾਲ ਜੁੜਨਾ ਚਾਹੀਦਾ ਹੈ, ਉਸ ਪਰਮਾਤਮਾ ਨਾਲ, ਜਿਸ ਦੇ ਸਾਹਮਣੇ ਸਾਰੀ ਸ੍ਰਿਸ਼ਟੀ ਦੇ ਜੀਵ ਝੁਕਦੇ ਹਨ।

2) ਜੇ ਪਰਮਾਤਮਾ ਸੱਜਣ ਦਾ ਪੱਲਾ ਪਕੜ ਲਈਏ ਤਾਂ ਕੋਈ ਤਾਕਤ ਸਾਨੂੰ ਦੁਖੀ ਨਹੀਂ ਕਰ ਸਕਦੀ।

3) ਪਰਮਾਤਮਾ ਦਾ ਨਾਮ ਐਸਾ ਧਨ (ਮਾਣਕ ਮੋਤੀ) ਹੈ ਜਿਸ ਨੂੰ ਕੋਈ ਸੰਨ੍ਹ ਮਾਰ ਕੇ ਸਾਡੇ ਹਿਰਦੇ ਵਿੱਚੋਂ ਚੁਰਾ ਨਹੀਂ ਸਕਦਾ।

4) ਸਾਰਾ ਜਗਤ ਤਮਾਸ਼ਾ ਪਰਮਾਤਮਾ ਦਾ ਹੀ ਹੈ ਜੋ ਕਿ ਮਨ ਨੂੰ ਚੰਗਾ ਲੱਗਦਾ ਹੈ।

5) ਜੋ ਹਰੀ ਪਰਮਾਤਮਾ ਚਾਹੁੰਦਾ ਹੈ, ਉਹ ਕਰਦਾ ਹੈ, ਤੇ ਜੋ ਉਹ ਚਾਹੁੰਦਾ ਹੈ ਜੀਵ ਵੀ ਉਹ ਕੁਝ ਹੀ ਕਰਦੇ ਹਨ।

6) ਉਹ ਜੀਵ ਧੰਨ ਹਨ ਜਿਨ੍ਹਾਂ ਨੂੰ ਪਰਮਾਤਮਾ ਨੇ ਆਪਣਾ ਬਣਾ ਲਿਆ ਹੈ।

7) ਜੇ ਪ੍ਰਭੂ ਆਪਣੇ ਯਤਨ ਨਾਲ ਮਿਲ ਸਕਦਾ ਹੋਵੇ ਤਾਂ ਜੀਵ ਉਸ ਤੋਂ ਵਿਛੁੜ ਕੇ ਦੁਖੀ ਕਿਉਂ ਹੋਣ?

8) ਉਹ ਤਾਂ ਗੁਰੂ ਦੀ ਸੰਗਤ ਨਾਲ ਮਿਲਦਾ ਹੈ ਤੇ ਜੋ ਗੁਰੂ ਦੀ ਸੰਗਤ ਵਿਚ ਹਨ ਉਹ ਪਰਮਾਤਮਾ ਦੇ ਪ੍ਰੇਮ ਦਾ ਰੰਗ ਮਾਣਦੇ ਹਨ।

9) ਉਸ ਜੀਵ-ਇਸਤਰੀ ਲਈ ਜੇਠ ਦਾ ਮਹੀਨਾ ਚਾਵਾਂ ਅਤੇ ਖ਼ੁਸ਼ੀਆਂ ਭਰਿਆ ਹੈ, ਜਿਸ ਦੇ ਮਸਤਕ ਦੇ ਭਾਗ ਚੰਗੇ ਹਨ।



# ਅਣਡਿੱਠੀ ਦੁਨੀਆ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*



ਯਥਾ ਗੁਰਵਾਕ -

*ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ॥*
*ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ॥*
*ਅਲਖ ਅਪਾਰ ਅਪਾਰੁ ਸਾਚਾ ਆਪੁ ਮਾਰਿ ਮਿਲਾਈਐ॥*
*ਹਉਮੈ ਮਮਤਾ ਲੋਭੁ ਜਲਾਹੁ, ਸਬਦਿ ਮੈਲੁ ਚੁਕਾਈਐ॥*
*ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ॥*
*ਹਰਿ ਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ ਨਾਨਕਾ ਉਰ ਧਾਰਿਆ ॥੪॥੧॥* *ਅੰਗ - ੮੪੩*

ਨਿਰੰਜਨ ਵਾਹਿਗੁਰੂ ਨੂੰ ਮਿਲਾਵਣ ਲਈ ਨਾਮ ਨਿਰੰਜਨ ਹੀ ਸਮਰੱਥ ਹੈ। ਸੋ ਐਸਾ ਨਾਮ ਨਿਰੰਜਨ ਗੁਰਮਤਿ ਨਾਮ ਗੁਰਮੰਤ੍ਰ ਹੀ ਹੈ, ਜਿਸ ਦੇ ਪਾਰਸ-ਸ਼ਕਤੀਸ਼ਰੀ-ਅਭਿਆਸ ਅੰਦਰਿ ਐਸੀ ਪਾਰਸ-ਕਲਾ ਹੈ ਕਿ ਇਹ ਅਭਿਆਸ ਕਰਨਹਾਰੇ ਨੂੰ ਪਾਵਨ ਪਵਿੱਤ, ਪਤਿਤੋਂ ਪੁਨੀਤ ਕਰ ਦਿੰਦਾ ਹੈ ਅਤੇ ਸਰਬ ਅਗਿਆਨ ਭਰਮ ਅੰਧੇਰੇ ਹਰ ਦਿੰਦਾ ਹੈ। ਤਿਮਰ ਅਗਿਆਨ ਦਾ ਨਾਸ ਕਰ ਕੇ ਸੱਚੇ ਗੁਰਮਤਿ ਗਿਆਨ ਦਾ ਪਰਗਾਸ ਕਰ ਦਿੰਦਾ ਹੈ ਅਤੇ ਗੁਰਮਤਿ ਗਿਆਨ ਦਾ ਅੰਜਨ ਨੇਤ੍ਰਾਂ ਵਿਖੇ ਪਰਵੇਸ਼ ਕਰ ਕੇ ਨੈਣਾਂ ਨੂੰ ਦਿਬ ਦ੍ਰਿਸ਼ਟੇ ਬਣਾ ਕੇ ਵਾਹਿਗੁਰੂ ਨਿਰੰਜਨ ਦਾ ਪਰਤੱਖ ਦਰਸ਼ਨ ਕਰਾਇ ਦਿੰਦਾ ਹੈ। ਐਸਾ ਪਰਤੱਖ ਕਿ ਜਲ ਥਲ ਮਹੀਅਲਿ ਵਿਖੇ ਪਰੀਪੂਰਨ ਨਿਰੰਜਨ ਨਿਰੰਕਾਰ ਦਾ ਹੀ ਝਲਕਾ ਵਜਦਾ ਹੈ। ਐਸਾ ਗਿਆਨ ਨਿਰੰਜਨ ਪਰਗਟੰਜਨੀ-ਨਾਮ ਨਿਮਖ ਮਾਤ੍ਰ ਭੀ ਜਿਸ ਜਨ ਦੇ ਹਿਰਦੇ ਵਿਚ ਵਸਿਆ ਹੈ, ਤਿਸ ਦੇ ਸਭ ਕਿਲਵਿਖ ਵਿਸੂਰੇ ਮਿਟ ਜਾਂਦੇ ਹਨ। ਐਸਾ ਪਾਵਨ, ਪਤਿਤ-ਪੁਨੀਤ ਹੈ ਗੁਰਮਤਿ ਨਾਮ ਨਿਰੰਜਨ, ਕਿ ਸਰਬਦਾ ਭਉ ਭੰਜਨ ਅਗਾਧ ਬੋਧ ਸਮਰੱਥ ਸੁਆਮੀ ਅਲਖ ਨਿਰੰਜਨ ਵਾਹਿਗੁਰੂ ਸਨਮੁਖ ਦ੍ਰਿਸ਼ਟੀ ਗੋਚਰ ਦਰਸ਼ਨ ਦੇ ਰਹਿਆ ਇਉਂ ਜ਼ਾਹਰ ਜ਼ਹੂਰ ਤੇ ਹਾਜ਼ਰਾ ਹਜ਼ੂਰ ਬਿਗਸਦਾ ਬਿਗਸਾਉਂਦਾ, ਝਲਕਾਰੇ ਦਿੰਦਾ ਦਿਸ ਆਉਂਦਾ ਹੈ ਕਿ ਉਸ ਦੇ ਦਿਵਯ ਜੋਤੀਯ ਚਰਨ-ਕਮਲਾਂ ਦੇ ਨਾਲ ਲਪਟ ਲਪਟਾਇ ਕੇ ਚੋਜ ਬਿਨੋਦੀ ਕੇਲ ਕਰਨਾ, ਭਗਤ ਜਨਾਂ ਗੁਰਮੁਖਾਂ ਦੀ ਇਕ ਸੁਭਾਇਮਾਨ ਅਨੂਠੀ ਚਰਨ-ਜਪਨੀ ਪਗ-ਪਇਅੰਪਨੀ ਖੇਡ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਐਸੇ ਗੁਰਮੁਖ ਜਨਾਂ ਦੇ ਚਰਨ-ਜਪਨੀ ਪਗ-ਪਇਅੰਪਨ ਦੀ ਜਾਚਨਾ ਸਿਖਾਉਂਦੇ ਹਨ। ਜਿਨ੍ਹਾਂ ਨੇ ਇਸ ਬਿਧਿ ਅਲਖ ਨਿਰੰਜਨ ਨੂੰ ਗੁਪਤੋਂ ਪਰਗਟ ਕਰ ਦਿਖਾਇਆ ਹੈ ਤੇ ਪਰਤੱਖ ਲਖਣੀ ਲਖਾਇਆ ਹੈ ਅਤੇ ਅਗਾਧ ਬੋਧ ਵਾਹਿਗੁਰੂ ਨੂੰ ਸਹਿਜ ਸੰਬੋਧਨ ਨਿਰਮਲ ਦਿਬ-ਦੀਦਨੀ-ਦ੍ਰਿਸ਼ਟੀ ਅੰਦਰਿ ਸਮਾਇਆ ਹੈ। ਯਥਾ ਗੁਰਵਾਕ -

*ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥*
*ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥*
*ਗੁਰ ਗਿਆਨ ਅੰਜਨ ਪ੍ਰਭ ਨਿਰੰਜਨ*
*ਜਲਿ ਥਲਿ ਮਹੀਅਲਿ ਪੂਰਿਆ॥*
*ਇਕ ਨਿਮਖ ਜਾ ਕੈ ਰਿਦੈ ਵਸਿਆ*
*ਮਿਟੇ ਤਿਸਹਿ ਵਿਸੂਰਿਆ॥*
*ਅਗਾਧਿ ਬੋਧ ਸਮਰਥ ਸੁਆਮੀ*
*ਸਰਬ ਕਾ ਭਉ ਭੰਜਨਾ॥*
*ਨਾਨਕ ਪਇਅੰਪੈ ਚਰਣ ਜੰਪੈ*
*ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥੨॥੪॥੩॥੬॥*
*ਅੰਗ - ੪੫੬*

ਸਚਮੁਚ ਨਾਮ ਜਪਣ ਕਰਿ, ਨਾਮ ਰਿਦੇ ਅਰਾਧਨ (ਬਿਚਾਰਨ) ਕਰਿ, ਪ੍ਰਭੂ ਪ੍ਰਮਾਤਮਾ ਦੀ ਐਸੀ ਪਾਰਸ-ਕਟਾਖਸ਼ੀ ਕਿਰਪਾ ਹੋਇ ਆਂਵਦੀ ਹੈ ਕਿ ਅਗਾਧ ਬੋਧ ਅਗਮ ਅਪਾਰ ਵਾਹਿਗੁਰੂ ਨਿਰੰਕਾਰ ਆਪਣੀ ਅਕਾਲ ਮੂਰਤੀ ਵਾਲੀ ਦਿਬਤਾ-ਮਈ ਅਕਾਰ-ਦਰਸ਼ਨਤਾ ਦੇ ਸਰੂਪ ਵਿਚ ਹਿਰਦੇ ਅੰਦਰ ਹੀ ਉਤਰ ਆਉਂਦਾ ਹੈ। ਯਥਾ ਗੁਰਵਾਕ -

*ਅਗਾਧਿ ਬੋਧਿ ਹਰਿ ਅਗਮ ਅਪਾਰੇ॥*
*ਨਾਮੁ ਜਪਤ ਨਾਮੁ ਰਿਦੇ ਬੀਚਾਰੇ॥*

*ਨਾਨਕ ਕਉ ਪ੍ਰਭ ਕਿਰਪਾ ਧਾਰੇ॥੪॥੧੧੧॥*

*ਅੰਗ - ੨੦੨*

ਕਿਰਪਾ ਧਾਰ ਆਉਂਦਾ ਹੈ ਪਰਤੱਖ ਰੂਪ ਵਿਚ। ਜੈਸੇ ਕਿ -

*ਅਵਿਗਤ ਨਾਥੁ ਅਗੋਚਰ ਸੁਆਮੀ॥*
*ਪੂਰਿ ਰਹਿਆ ਘਟ ਅੰਤਰਜਾਮੀ॥*
*ਜਤ ਕਤ ਦੇਖਉ ਤੇਰਾ ਵਾਸਾ॥*
*ਨਾਨਕ ਕਉ ਗੁਰਿ ਕੀਓ ਪ੍ਰਗਾਸਾ॥੮॥੨॥੫॥*

*ਅੰਗ - ੧੧੫੬-੫੭*

ਸਭਨਾਂ ਨੂੰ ਇਕ ਜੋਤਿ ਤਾਰ ਪਰੋ ਕੇ ਨਥਣਹਾਰਾ ਨਾਥ, ਅਵਿਗਤੁ ਅਗੋਚਰ ਸੁਆਮੀ ਘਟਿ ਅੰਤਰਿ ਹੀ ਪਰੀ-ਪੂਰਨਤਾ ਸਹਿਤ ਆਇ ਸਮਾਉਂਦਾ ਹੈ। ਭਗਤ ਜਨਾਂ ਦੀ ਪ੍ਰੀਤ-ਪਰਤੀਤ ਦੀ ਲਖਤਾ ਹੋਣ ਕਰਿ ਉਹ ਐਸਾ ਅੰਤਰਜਾਮੀ ਹੈ ਕਿ ਅੰਤਰ ਦੀ ਗਤਿ ਬੁਝ ਕੇ ਆਸਾ ਪੂਰਦਾ ਹੈ। ਸਤਿਗੁਰੂ ਨਾਨਕ ਦੇ ਘਰ ਦੇ ਗੁਰਮੁਖ ਭਗਤ ਜਨਾਂ ਨੂੰ ਰਿਦੰਤਰੀ ਐਸਾ ਪਰਗਾਸ ਜੋਤਿ ਨਿਰੰਤਰੀ ਹੋਇ ਆਉਂਦਾ ਹੈ ਕਿ ਉਹ ਅੰਤਰ ਪਰਗਾਸ ਦਾ ਅਨੰਦ ਮਾਣਦੇ ਹੋਇ, ਸਨਮੁਖ ਸ਼ਟੇ ਹੋਏ ਹੋਏ ਏਵੇਂ ਅਲਾਉਂਦੇ ਹਨ : ਆਹਾ! ਮੇਰੇ ਪਰਕਾਸ਼ ਰੂਪ ਅਨੂਪ ਸਰੂਪ ਵਾਹਿਗੁਰੂ! ਜਿਥੇ ਕਿਥੇ ਭੀ ਅਸੀਂ ਦੇਖਦੇ ਹਾਂ, ਤੇਰਾ ਹੀ ਵਾਸਾ ਸਰੂਪ ਪਰਗਾਸਾ ਵੇਖਦੇ ਹਾਂ। ਇਹ ਜਤ-ਕਤ-ਵਾਸ-ਲਖਨੀ, ਪਰਗਾਸ-ਪੇਖਨੀ ਭਗਤ ਜਨਾਂ ਗੁਰਮੁਖਾਂ ਦੀ ਯਥਾਰਥ-ਲਖਨੀ ਸ਼ਾਖਾ ਹੈ, ਐਵੇਂ ਕਥਨੀ ਬਦਨੀ ਵਾਲੀ ਬੁਝਾਰਤ ਨਹੀਂ ਹੁੰਦੀ। ਐਵੇਂ ਚੁੰਚ-ਕਥਨੀ ਕਰਕੇ ਤਾਂ ਸਾਰਾ ਜੱਗ ਹੀ ਰਾਮ ਰਾਮ ਕਰਦਾ ਫਿਰਦਾ ਹੈ। ਇਉਂ ਚੁੰਚ-ਬਿਧਨੀ-ਕਥਨੀ ਕਰਿ ਰਾਮ ਨਹੀਂ ਪਾਇਆ ਜਾਂਦਾ। ਉਹ ਅਗੰਮ ਹੈ, ਅਗੋਚਰ ਹੈ ਅਤੇ ਅਤਿ ਵੱਡਾ ਹੈ ਅਤੇ ਐਸਾ ਅਤੁਲ ਹੈ ਕਿ ਤੋਲਿਆ ਨਹੀਂ ਜਾ ਸਕਦਾ। ਨਾ ਉਸਦੀ ਕੀਮਤ ਕਿਸੇ ਤੋਂ ਪਾਈ ਜਾਂਦੀ ਹੈ, ਨਾ ਉਹ ਕਿਸੇ ਭੀ ਉਪਾਇ ਕਰਕੇ ਲਇਆ ਪ੍ਰਗਟਾਇਆ ਜਾ ਸਕਦਾ ਹੈ। ਜੇ ਉਹ ਲਇਆ ਪ੍ਰਗਟਾਇਆ ਜਾ ਸਕਦਾ ਹੈ ਤਾਂ ਕੇਵਲ ਗੁਰੂ ਕੇ ਸ਼ਬਦ (ਗੁਰਮੰਤ) ਦੁਆਰਾ ਹੀ ਲਇਆ ਪ੍ਰਗਟਾਇਆ ਜਾ ਸਕਦਾ ਹੈ। ਗੁਰੂ ਵਾਹਿਗੁਰੂ ਸ਼ਬਦ ਅਭਿਆਸ ਦੀ ਪਾਰਸ-ਪਾਰਜਾਤੀ ਅਮਿਉ-ਰਸਾਇਣੀ ਕਲਾ ਅਜਿਹੀ ਵਰਤਦੀ ਹੈ ਕਿ ਗੁਰ-ਸ਼ਬਦ ਭੇਟਣ ਕਰਿ, ਉਹ ਅਭੇਦ ਰੂਪ ਹੋ ਕੇ ਮਨ ਅੰਦਰ ਹੀ ਆ ਵਸਦਾ ਹੈ। ਨਹੀਂ ਤਾਂ ਉਸਦੀ ਅਮਿਉ ਮਰੰਮੀ ਮਿਤ-ਮਰਯਾਦਾ ਕਿਸੇ ਤੋਂ ਨਹੀਂ ਪਾਈ ਜਾ ਸਕਦੀ। ਦੀ ਕਿਰਪਾ ਦੁਆਰਾ ਹੀ ਅੰਤਰਿ ਬਾਹਰਿ ਸਮਾਇ ਰਹਿਆ ਦਿਸ ਆਵੰਦਾ ਹੈ ਅਤੇ ਅੰਤਰ-ਆਤਮੇ ਜੋਤਿ ਝਿਲਮਿਲੀ ਜਫੀਆਂ ਪਾ ਕੇ ਐਸਾ ਆ ਮਿਲਦਾ ਹੈ ਕਿ ਫੇਰ ਸਦਾ ਮਿਲਿਆ ਹੀ ਰਹਿੰਦਾ ਹੈ। ਯਥਾ ਗੁਰਵਾਕ-

*ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥*
*ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ॥*
*ਕੀਮਤਿ ਕਿਨੈ ਨ ਪਾਈਆ ਕਿਤੈ ਨੇ ਲਇਆ ਜਾਇ॥*
*ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ॥*
*ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ॥*
*ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ॥੧॥੧੮॥* *ਅੰਗ - ੫੫੫*

ਇਹ ਬਿਸਮਾਦ-ਜਨਕ ਸਚਿਆਈ ਹੈ ਅਤੇ ਕੋਈ ਅਸਚਰਜ ਸਚਾਈ ਹੈ। ਜਿਸ ਠਾਕਰ ਪਰਮਾਤਮ ਪ੍ਰਮੇਸ਼ਰ ਨੂੰ ਅਗਾਧ ਬੋਧ ਸੁਣੀਦਾ ਹੈ, ਤਿਸ ਅਗਾਧ ਬੋਧ ਨਿਰੰਕਾਰ ਨੂੰ ਸਤਿਗੁਰੂ ਨੇ ਸਿਖਾਂ ਦੇ ਰਿਦੇ ਅੰਦਰਿ ਪ੍ਰਗਟਾਇ ਦਿੱਤਾ-

*ਦੇਖਹੁ ਅਚਰਜੁ ਭਇਆ॥*
*ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ*
*ਸੋ ਰਿਦੈ ਗੁਰਿ ਦਇਆ॥ਰਹਾਉ॥੪॥੩॥੧੪॥*

*ਅੰਗ - ੬੧੨*

ਦੇਖੋ 'ਦਇਆ' ਦੀ ਏਥੇ ਕੈਸੀ ਫ਼ੋਰਸ (ਜਾਂਚ) ਹੈ, ਰਿਦੇ ਦੀਆ ਕਿਆ? ਰਿਦੇ ਅੰਦਰ ਹੀ ਬਸਾਇ ਧਸਾਇ ਦੀਆ ਗੁਰੂ ਨੇ।

'ਸ਼ਬਦ-ਮਾਰਗੀਆਂ' ਗੁਰਮੁਖਾਂ ਦੀ ਅਹਿਨਿਸੀ ਅਭਿਆਸ ਪੂਜਾ ਹੀ ਅਣਦਿਸਦੇ ਪਰਮਾਤਮਾ ਦੇਵ ਦੀ ਪੂਜਾ ਹੈ, ਸ਼ਬਦ-ਸੁਰਤ-ਅਭਿਆਸ ਕਰਦੇ ਕਰਦੇ ਰਸ-ਅਮੀ ਸੁਆਦ ਉਦੋਤ ਆ ਹੁੰਦਾ ਹੈ। ਇਹ, ਰਸ-ਅਮੀ ਦੇ ਸੁਆਦ ਪ੍ਰਾਇਣਿ ਹੋਇ ਸੁਆਸਾਂ ਨੂੰ ਰੋਕ ਕੇ ਗੁਰਮਤਿ ਅਭਿਆਸੀ ਜਨ ਹੰਸਲੇ, ਨਾਭੀ ਅੰਦਰਿ ਸੁਰਤ-ਚੁੱਭਾ ਲਾਇ ਬਹਿੰਦੇ ਹਨ। ਇਸ ਰਸ-ਰਮਨ ਬਿਰਤੀ-ਚੁੱਭੇ ਦੁਆਰਾ ਆਪ ਦੀ ਸੁਰਤ ਨੂੰ ਉਭਾਰ ਪਸਾਰ ਕੇ ਅਤਿ ਗਹਿਰ ਗੰਭੀਰ ਸਾਗਰ-ਰਤਨਾਗਰੀ ਠਾਕਰ ਨੂੰ ਜਾਇ ਢੂੰਡਦੇ ਹਨ। ਇਸ ਬਿਧਿ ਨਭ-ਨਾਭੀ ਪੁਲਾੜ ਅੰਦਰ ਹੀ ਅਨੂਪਮ ਠਾਕੁਰ-ਪੂਜਾ ਏਕੰਕਾਰੀ ਹੋਣ ਲਗ ਪੈਂਦੀ ਹੈ। ਇਸ ਸ਼ਬਦ-ਬੀਚਾਰੀ ਅਭਿਆਸ-ਪੂਜਾ ਦੇ ਪ੍ਰਭਾਵ ਕਰ, ਇਕੋ ਭਰਮ-ਭਉ-ਭੰਜਨ ਪੁਰਖ-ਨਿਰੰਜਨ ਦਾ ਤੱਤ ਗਿਆਨ ਐਸਾ ਪ੍ਰਜ਼ਵ੍ਲਤ ਹੋਇ ਆਵੰਦਾ ਹੈ ਕਿ ਤਿਨ੍ਹਾਂ ਦੇ ਗਿਆਨ ਦ੍ਰਿਸ਼ਟੇ ਲੋਇਣਾਂ ਸਾਮ੍ਹਣੇ ਏਕਸ ਬਿਨਾਂ ਹੋਰ ਦੂਜਾ ਨਜ਼ਰੀਂ ਹੀ ਨਹੀਂ ਆਉਂਦਾ। ਤਾਂ ਤੇ ਏਕ ਬਿਨਾਂ ਦੂਜੇ ਦੀ ਪੂਜਾ ਦਾ ਏਥੇ ਥਾਉਂ ਹੀ ਨਹੀਂ।

***'ਚਲਦਾ'***

# ਗੁਰਸਿੱਖੀ ਬਾਰੀਕ ਹੈ

*[ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ]*

ਗੁਰਮਤੀ ਕਦਰਾਂ-

ਚਾਉ ਜਾਂ ਚਾਏ ਦੇ ਅਰਥ ਹਨ ਮਨ ਦੀ ਖੇੜੇ ਦੀ ਅਵਸਥਾ, ਖੁਸ਼ੀ ਜਾਂ ਹੁਲਾਸ। ਸਤਿਗੁਰੂ ਸਾਹਿਬਾਨ ਦੇ ਸਮਕਾਲੀ ਸਿੱਖ ਸਦਾ ਖੇੜੇ ਵਿਚ ਵਿਚਰਦੇ ਸਨ। ਇਸ ਗੱਲ ਦਾ ਪਤਾ ਗੁਰ-ਇਤਿਹਾਸ ਤੋਂ ਲਗਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ੭੩ ਸਾਲ ਦੀ ਉਮਰ ਤਕ ੧੨ ਸਾਲ ਨਿੱਤ ਅੰਮ੍ਰਿਤ ਵੇਲੇ ਬਿਆਸਾ ਦਰਿਆ ਤੋਂ ਖਡੂਰ ਸਾਹਿਬ ਜਲ ਲਿਆਉਣਾ ਤੇ ਹਜ਼ੂਰ ਨੂੰ ਇਸ਼ਨਾਨ ਕਰਾਉਣਾ ਕਿਸੇ ਚਾਉ ਸਦਕਾ ਹੀ ਹੋ ਸਕਦੈ। ਅਨੇਕਾਂ ਗੁਰੂ ਪਿਆਰੇ ਲੰਗਰ ਦੀ ਚਾਉ ਵਿਚ ਸੇਵਾ ਕਰਦੇ ਸਨ। ਭਾਈ ਮੰਝ ਦਾ ਸਖੀ ਸਰਵਰ ਨੂੰ ਛੱਡ ਕੇ ਸਿੱਖੀ ਧਾਰਨ ਕਰਨਾ ਅਤੇ ਬਾਵਜੂਦ ਅੰਤਾਂ ਦੀਆਂ ਮੁਸੀਬਤਾਂ ਦੇ, ਚਾਉ ਤੋਂ ਬਿਨਾ ਕਿਵੇਂ ਹੋ ਸਕਦੈ? ਦਿਹਾੜੀਦਾਰ ਮਜ਼ਦੂਰ ਤਾਂ ਅਜਿਹੀ ਕਰੜੀ ਘਾਲ ਵੇਖ ਕੇ ਹੀ ਮੈਦਾਨ ਛੱਡ ਜਾਂਦੇ ਹਨ, ਫਿਰ ਸਾਲਾਂ ਬੱਧੀ ਸੇਵਾ ਕਰੀ ਜਾਣਾ ਕਿਸੇ ਚਾਉ ਸਦਕਾ ਹੀ ਹੋ ਸਕਦਾ, ਕਿਉਂਕਿ ਉਹਨਾਂ ਨੇ ਚਾਉ ਖੇੜੇ ਤੋਂ ਬਿਨਾਂ ਹੋਰ ਕੁਝ ਮੰਗਿਆ ਹੀ ਨਹੀਂ।

ਹੋਰ ਤਾਂ ਹੋਰ, ਸਤਿਗੁਰਾਂ ਦੇ ਸਾਹਿਬਜ਼ਾਦਿਆਂ ਬਾਬਾ ਸਿਰੀ ਚੰਦ (ਸ੍ਰੀ ਗੁਰੂ ਨਾਨਕ ਦੇਵ ਜੀ ਦੇ) ਬਾਬਾ ਦਾਸੂ ਜੀ ਤੇ ਦਾਤੂ (ਸ੍ਰੀ ਗੁਰੂ ਅੰਗਦ ਦੇਵ ਜੀ ਦੇ) ਵਿਚ ਗੁਰੂ ਕੇ ਸਿੱਖਾਂ ਦੇ ਮੁਕਾਬਲੇ ਤੇ ਘਟ ਚਾਉ ਸੀ, ਤਾਂ ਹੀ ਤਾਂ ਸਤੇ ਬਲਵੰਡ ਕੀ ਵਾਰ ਵਿਚ ਜ਼ਿਕਰ ਹੈ -

***ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥ ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥੨॥ ਅੰਗ - ੯੬੭***

ਪੁਤਰਾਂ ਨੇ ਸਤਿਗੁਰਾਂ ਦੇ ਹੁਕਮ ਅਗੇ ਸਿਰ ਨਾ ਨਿਵਾਇਆ, ਕਿਉਂਕਿ ਅੰਦਰ ਚਾਉ ਨਹੀਂ ਸੀ। ਜੇਕਰ ਅੰਦਰ ਸਤਿਗੁਰਾਂ ਪ੍ਰਤੀ ਗੁਰਸਿਖਾਂ ਵਾਲੀ ਸ਼ਰਧਾ, ਪ੍ਰੇਮ ਅਤੇ ਚਾਉ ਨ ਹੋਵੇ ਤਾਂ ਕੋਈ ਕੀ ਸੇਵਾ ਕਰ ਸਕਦੇ? ਕੀ ਕੋਈ ਚਾਉ ਤੋਂ ਬਿਨਾਂ ਸਤਿਗੁਰਾਂ ਲਈ ਜਾਂ ਧਰਮ ਲਈ ਸ਼ਹੀਦੀਆਂ ਪਾ ਸਕਦੇ? ਕਦਾਚਿਤ ਨਹੀਂ।

ਭਾਈ ਡੱਲੇ ਨੂੰ ਆਪਣੀ ਤਨਖਾਹਦਾਰ ਫੌਜ ਤੇ ਬੜਾ ਮਾਣ ਸੀ, ਪਰ ਉਸ ਫੌਜ ਵਿਚ ਉਹ ਚਾਉ-ਉਮਾਹ ਨਹੀਂ ਸੀ ਜੋ ਗੁਰੂ ਕੇ ਸਿਖ-ਸੇਵਕਾਂ ਵਿਚ ਸੀ। ਤਨਖ਼ਾਹਦਾਰਾਂ ਵਿਚ, ਚਾਹੇ ਫੌਜਾਂ ਵਿਚ ਹੋਣ, ਚਾਹੇ ਗੁਰਧਾਮਾਂ ਤੇ ਹੋਣ, ਉਹਨਾਂ ਵਿਚ ਆਪਣੇ ਮਾਲਕ ਪ੍ਰਤੀ ਚਾਉ ਅਤੇ ਭਾਉ ਦੀ ਹੌਲੀ ਹੌਲੀ ਅਣਹੋਂਦ ਹੁੰਦੀ ਚਲੀ ਜਾਂਦੀ ਹੈ ਅਤੇ ਅੰਤ ਵਿਚ ਉਹ ਕੇਵਲ ਵਪਾਰਕ ਅਦਾਰੇ ਦੇ ਕਰਮਚਾਰੀ ਹੀ ਹੋ ਨਿਬੜਦੇ ਹਨ। ਉਨ੍ਹਾਂ ਦਾ ਨਿਸ਼ਾਨਾ ਤਾਂ ਕੇਵਲ ਇਹ ਹੁੰਦਾ ਹੈ -

***ਸੇਵਾ ਥੋਰੀ, ਮਾਗਨੁ ਬਹੁਤਾ॥੧॥ ਅੰਗ - ੭੩੮***

ਡੱਲਾ ਦਸਵੇਂ ਪਾਤਸ਼ਾਹ ਜੀ ਨੂੰ ਕਦੀ ਕਦੀ ਯਾਦ ਕਰਵਾ ਦਿਆ ਕਰੇ, "ਸਚੇ ਪਾਤਸ਼ਾਹ! ਜੇ ਤੁਸੀਂ ਕਿਲ੍ਹਾ ਛਡਣ ਤੋਂ ਪਹਿਲਾਂ ਕਿਤੇ ਸਾਨੂੰ ਸੱਦਾ ਭੇਜਦੇ ਤਾਂ ਮੇਰੇ ਸ਼ੀਹ-ਜਵਾਨ ਆਪਣੇ ਜੌਹਰ ਦਿਖਾਂਦੇ।" ਮਹਾਰਾਜ ਜਾਣਦੇ ਸਨ ਕਿ ਡੱਲੇ ਦੀ ਗੱਲ ਵਿਚ ਕੋਈ ਵਜ਼ਨ ਤਾਂ ਹੈ ਨਹੀਂ, ਪਰ ਇਹ ਕਹਿ ਕੇ ਟਾਲ ਛੜਦੇ, "ਡਲਿਆ ਸਾਡੇ ਪਾਸ ਸੂਰਮਿਆਂ ਦੀ ਘਾਟ ਨਹੀਂ ਸੀ, ਪਰ ਸ੍ਰੀ ਅਕਾਲ ਪੁਰਖ ਜੀ ਨੂੰ ਇਵੇਂ ਹੀ ਭਾਉਂਦਾ ਸੀ।

ਗੁਰੂ ਕੇ ਸੂਰਮਿਆਂ ਦੇ ਚਾਉ ਦਾ ਅਤੇ ਡੱਲੇ ਦੀਆਂ ਤਨਖ਼ਾਹਦਾਰ ਫੌਜਾਂ ਦੇ ਚਾਉ ਦਾ ਮੁਕਾਬਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਦਸਮੇਸ਼ ਪਿਤਾ ਨੇ ਇਕ ਭੇਟ ਆਈ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਡੱਲੇ ਨੂੰ ਇਕ ਫੌਜੀ ਜਵਾਨ ਹਾਜ਼ਰ ਕਰਨ ਲਈ ਕਿਹਾ। ਡੱਲੇ ਦੇ ਫ਼ੌਜੀਆਂ ਨੇ ਅਜਾਈਂ ਮੌਤੇ ਮਰਨ ਤੋਂ ਇਨਕਾਰ ਕਰ ਦਿਤਾ, ਕਿਉਂਕਿ ਉਹਨਾਂ ਵਿਚ ਕੋਈ ਚਾਉ ਨਹੀਂ ਸੀ। ਉਹ ਕਹਿਣ, ਚੰਗਾ ਤੇਰਾ ਗੁਰੂ ਹੈ! ਨਿਸ਼ਾਨਾ ਬੰਦੇ ਨੂੰ ਮਾਰ ਕੇ ਵੁੰਡਣਾ ਹੈ, ਕਿਸੇ ਬੇਜਾਨ ਚੀਜ ਦਾ

ਨਿਸ਼ਾਨਾ ਭੀ ਮਾਰਿਆ ਜਾ ਸਕਦਾ ਹੈ।"

ਪਰ ਡੱਲਾ ਉਦੋਂ ਵੇਖ ਕੇ ਦੰਗ ਰਹਿ ਗਿਆ ਜਦੋਂ ਸਤਿਗੁਰਾਂ ਨੇ ਆਪਣੇ ਸਿੱਖਾਂ ਦੇ ਕੈਂਪ ਦੇ ਬਾਹਰ ਖੜੇ ਦੋ ਸਿੱਖਾਂ ਵਿਚੋਂ ਇਕ ਨੂੰ ਬੁਲਾ ਭਿਜਵਾਇਆ। ਦੋਵੇਂ ਪਿਉ ਪੁਤਰ ਸਨ। ਪਿਉ ਕਹੇ, ਮੈਂ ਗੁਰੂ ਦੀ ਬੰਦੂਕ ਦਾ ਨਿਸ਼ਾਨਾ ਬਣਨਾ ਹੈ।" ਪੁੱਤਰ ਕਹੇ, "ਮੇਰੇ ਲਈ ਗੁਰੂ ਦਾ ਹੁਕਮ ਆਇਆ ਸੀ, ਨਿਸ਼ਾਨਾ ਮੈਂ ਬਣਨਾ ਹੈ।" ਦੋਹਾਂ ਸਿਖਾਂ ਦਾ ਚਾਉ ਠਾਠਾਂ ਮਾਰ ਰਿਹਾ ਸੀ। ਡੱਲਾ ਕਦੀ ਗੁਰੂ ਵਲ ਵੇਖੇ, ਕਦੀ ਸਿੱਖਾਂ ਵਲ।

"ਹੱਛਾ, ਦੋਵੇਂ ਅਗੇ ਪਿੱਛੇ ਖੜੇ ਹੋ ਜਾਉ, ਮੈਂ ਦੁਹਾਂ ਵਿਚਦੀ ਗੋਲੀ ਕੱਢ ਦਿਆਂਗਾ, ਦਸਮੇਸ਼ ਜੀ ਨੇ ਹੁਕਮ ਦਿਤਾ। ਅਤੇ ਇਹ ਕਹਿ ਕੇ ਨਿਸ਼ਾਨਾ ਦੋਹਾਂ ਦੇ ਉਪਰ ਦੀ ਲੰਘਾ ਦਿਤਾ।

ਕੀ ਸਤਿਗੁਰੂ ਐਨੇ ਬੇਤਰਸ ਸੀ ਕਿ ਆਪਣੇ ਸਿੱਖਾਂ ਨੂੰ ਬੰਦੂਕ ਦਾ ਨਿਸ਼ਾਨਾ ਬਣਾਂਉਂਦੇ? ਨਹੀਂ, ਉਹ ਤਾਂ ਡੱਲੇ ਦੇ ਨਿੱਤ ਦਿਹਾੜੇ ਦੇ ਅਹਿਸਾਨ ਜਤਲਾਉਣ ਦਾ ਅੱਜ ਉੱਤਰ ਦੇ ਰਹੇ ਸਨ, "ਡੱਲਿਆ! ਗੁਰੂ ਘਰ ਵਿਚ ਜੇ ਸਿੱਖ ਦੇ ਪੱਲੇ ਚਾਉ ਨਹੀਂ ਤਾਂ ਉਹ ਖ਼ਾਲੀ ਹੈ। ਅਨੰਦਪੁਰ ਵਿਖੇ ਸਾਡੇ ਪਾਸ ਬੜੇ ਚਾਉ ਚਈਲੇ ਸਿੱਖ ਸਨ, ਪਰ ਫਿਰ ਭੀ ਸਾਨੂੰ ਅਕਾਲ ਪੁਰਖ ਦੇ ਹੁਕਮ ਅੰਦਰ ਕਿਲਾ ਛਡਣਾ ਹੀ ਪਿਆ।

ਫਿਰ ਪੀਰ ਬੁਧੂ ਸ਼ਾਹ ਦੀ ਗੱਲ ਸੁਣਾਈ, ਕਿਵੇਂ ਉਸ ਨੇ ਭੰਗਾਣੀ ਦੇ ਯੁੱਧ ਵੇਲੇ ਆਪਣੇ ਪੰਜ ਸੌ ਮੁਰੀਦ ਅਤੇ ਦੋ ਪੁੱਤਰ ਉਸ ਜੰਗ ਵਿਰ ਸ਼ਹੀਦ ਕਰਵਾਏ। ਕਿਵੇਂ ਉਸ ਦੇ ਤਨਖਾਹਦਾਰ ਸਿਪਾਹੀ ਉਸੇ ਜੰਗ ਵਿਚ ਦੁਸ਼ਮਣ ਨਾਲ ਜਾ ਰਲੇ ਸਨ। ਡੱਲਾ ਆਖ ਰਿਹਾ ਸੀ, ਧੰਨ ਪੀਰ ਬੁੱਧੂ ਸ਼ਾਹ, ਧੰਨ ਪੀਰ ਬੁੱਧੂ ਸ਼ਾਹ।

ਦਰਅਸਲ ਗੱਲ ਇਹ ਹੈ, ਗੁਰਮਤਿ ਬਾਕੀ ਦੇ ਧਰਮਾਂ ਨਾਲੋਂ ਕਈ ਤਰ੍ਹਾਂ ਭਿੰਨ ਹੈ। ਸਿੱਖ ਧਰਮ ਦੇ ਬਾਨੀ ਸਤਿਗੁਰੂ ਨਾਨਕ ਦੇਵ ਜੀ ਨੇ ਜਦੋਂ ਸਿੱਖੀ ਕਾਇਮ ਕੀਤੀ ਤਾਂ ਦੋ ਗੱਲਾਂ ਬੜੇ ਸਪਸ਼ਟ ਰੂਪ ਵਿਚ ਆਖੀਆਂ - ਇਕ ਪ੍ਰੇਮ ਚਾਉ ਅਤੇ ਦੂਜਾ ਮੌਤ ਦੇ ਡਰ ਤੋਂ ਨਿਡਰ ਹੋਣਾ -

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - ੧੪੧੨*

ਜੋ ਸਿਖ ਬਣਨ ਲਈ ਦੋ ਗੱਲਾਂ ਦੀ ਬੜੀ ਕਰੜੀ ਸ਼ਰਤ ਹੈ - ਪ੍ਰੇਮ ਰਸ ਚਾਉ ਅਤੇ ਗੁਰੂ ਤੋਂ ਕੁਰਬਾਨ ਹੋਣ ਲਈ ਸਦਾ ਤਿਆਰ ਰਹਿਣਾ। ਜੇ ਇਕੱਲੇ ਚਾਉ ਦੇ ਨਜ਼ਰੀਏ ਤੋਂ ਸਮੁਚੇ ਸਿੱਖ ਫ਼ਲਸਫ਼ੇ, ਸਿੱਖ ਰਹੁ-ਰੀਤ ਸਿੱਖ ਜੀਵਨ ਅਤੇ ਵਿਹਾਰ ਵਲ ਝਾਤ ਮਾਰ ਕੇ ਵੇਖਿਆ ਜਾਵੇ ਤਾਂ ਚਾਉ ਤੋਂ ਬਿਨਾਂ ਸਿੱਖੀ ਖੁਸ਼ਕ ਨਜ਼ਰ ਆਏਗੀ। ਸਿੱਖੀ ਵਿਚ ਚਾਉ ਕੱਢ ਦਿਉ, ਕੌਮ ਮੁਰਦਾ ਹੋ ਜਾਏਗੀ! ਅੱਜ ਸਿੱਖ ਵਿਚ ਗੁਰੂ ਦੀ ਸੇਵਾ ਕਰਨ ਦਾ, ਗੁਰੂ ਕੀਆਂ ਖੁਸ਼ੀਆਂ ਲੈਣ ਦਾ, ਗੁਰੂ ਨੂੰ ਕੀਰਤਨ ਸੁਨਾਉਣ ਦਾ ਚਾਉ ਹੀ ਮੁਕਦਾ ਜਾ ਰਿਹਾ ਹੈ! ਸਿਖ ਹੁਣ ਗੁਰਬਾਣੀ ਦੇ ਪਾਠ ਅਤੇ ਕੀਰਤਨ ਨੂੰ ਚਾਉ ਅਤੇ ਪ੍ਰੇਮ ਨਾਲ ਨਹੀਂ ਮਾਣਦਾ, ਸਗੋਂ ਮਾਇਆ ਦੇ ਭਾਅ ਅਤੇ ਮਾਇਆ ਦੇ ਚਾਅ ਵਿਚ ਪਾਠ ਜਾਂ ਕੀਰਤਨ ਦਾ ਆਹਰ ਕਰਦਾ ਹੈ। ਕੌਮ ਨਿਘਾਰ ਵੱਲ ਜਾ ਰਹੀ ਹੈ। ਗੁਰਸਿੱਖੀ ਬੜੀ ਬਾਰੀਕ ਹੈ। ਅਸੀਂ ਭਾਈ ਗੁਰਦਾਸ ਜੀ ਦੀ ਗੁਰਬਾਣੀ ਦੀ ਵਿਆਖਿਆ ਨੂੰ ਸਮਝੇ ਨਹੀਂ, ਜੇ ਸਮਝੇ ਵੀ ਹਾਂ ਤਾਂ ਵੀ ਬਹੁਤਾ ਗੌਲਿਆ ਨਹੀਂ।

ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਬੜੇ ਚਾਉ ਨਾਲ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਸੇਵਾ ਕਰਦੇ ਹੁੰਦੇ ਸਨ। ਇਕ ਵਾਰ ਸੇਵਾ ਦੇ ਚਾਉ ਦਾ ਟੈਸਟ ਹੋਇਆ। ਗੁਰੂ ਅਮਰਦਾਸ ਜੀ ਦੇ ਵੱਡੇ ਜਵਾਈ ਭਾਈ ਰਾਮਾ ਜੀ ਅਤੇ ਛੋਟੇ ਜਵਾਈ ਭਾਈ ਜੇਠਾ ਜੀ ਨੂੰ ਸਤਿਗੁਰਾਂ ਵਲੋਂ ਉਲੀਕੇ ਨਕਸ਼ੇ ਅਨੁਸਾਰ ਚੌਂਤਰੇ (ਥੜੇ) ਬਨਾਣ ਦਾ ਕੰਮ ਸੌਂਪਿਆ ਗਿਆ। ਦੋਹਾਂ ਨੇ ਸ਼ਾਮ ਤਕ ਬੜੀ ਮਿਹਨਤ ਅਤੇ ਲਗਨ ਨਾਲ ਥੜੇ ਤਿਆਰ ਕਰ ਦਿਤੇ, ਪਰ ਦੋਨਾਂ ਦੇ ਬਣਾਏ ਥੜੇ ਸਤਿਗੁਰਾਂ ਨੂੰ ਪਸੰਦ ਨਾ ਆਏ। ਢਾਹੁਣ ਦਾ ਹੁਕਮ ਹੋ ਗਿਆ। ਅਗਲੇ ਦਿਨ ਹੋਰ ਨਕਸ਼ਾ ਦਿਤਾ ਗਿਆ, ਕਲ਼ ਨਾਲ਼ ਅੱਜ ਹਰ ਸਾਵਧਾਨੀ ਨਾਲ ਦੋਹਾਂ ਨੇ ਥੜੇ ਬਣਾਏ, ਪਰ ਸ਼ਾਮ ਨੂੰ ਫਿਰ ਥੜੇ ਨਾ-ਪਸੰਦ ਕੀਤੇ ਗਏ ਅਤੇ ਢਾਹੁਣ ਲਈ ਕਹਿ ਦਿਤਾ ਗਿਆ। ਇਸੇ ਤਰ੍ਹਾਂ ਕਈ ਦਿਨ ਹੁੰਦਾ ਰਿਹਾ। ਵੱਡਾ ਜਵਾਈ ਥਿੜਕ ਕੇ ਡਿਗ ਗਿਆ ਅਤੇ ਆਖਣ ਲੱਗਾ ਕਿ ਮਹਾਰਾਜ ਨੇ ਜਿਵੇਂ ਨਕਸ਼ਾ ਦਿੱਤਾ ਸੀ ਉਸੇ ਅਨੁਸਾਰ ਤਾਂ ਥੜੇ ਬਣਾਏ ਸਨ। ਪਤਾ ਨਹੀਂ ਉਨ੍ਹਾਂ ਨੂੰ ਕਿਉਂ ਨਹੀਂ ਜਚਦੇ। ਸ਼ਾਇਦ ਉਮਰ ਵਡੇਰੀ ਹੋਣ ਕਰਕੇ ਉਨ੍ਹਾਂ ਨੂੰ ਆਪਣੀ ਦੱਸੀ ਗੱਲ ਯਾਦ ਨਹੀਂ ਰਹਿੰਦੀ! ਪਰ ਸਤਿਗੁਰੂ ਜੀ ਤਾਂ ਸਿੱਖ ਦੀ ਭਾਉ-ਭਗਤੀ ਅਤੇ ਚਾਉ ਦੀ ਪਰਖ ਕਰ ਰਹੇ ਸਨ। ਭਾਈ ਰਾਮਾ ਜੀ ਕੰਮ ਵਿਚੇ ਛੱਡ

***(ਬਾਕੀ ਪੰਨਾ 14 'ਤੇ)***

# ਇਕ ਦੇਵਹੁ ਰਾਤਿ ਮੁਰਾਰੀ

*[ਪ੍ਰੋ. ਹਰਬੰਸ ਸਿੰਘ ਜੀ, ਲੁਧਿਆਣਾ]*

ਸਹੀਆ ਸੇ ਸੁਹਾਗਣੀ, ਜਿਨ ਸਹਿ ਨਾਲਿ ਪਿਆਰ ਜੀਉ। ਜਿਨ੍ਹਾਂ ਜੀਵ ਰੂਪੀ ਇਸਤਰੀਆਂ ਦਾ ਸਹੁ ਨਾਲ ਪਿਆਰ ਹੈ ਉਹ ਸੁਹਾਗਣੀਆਂ ਹਨ। ਸਖੀਆਂ ਤੇ ਬੇਅੰਤ ਹਨ ਜਿਹੜੀਆਂ ਕਹਿੰਦੀਆਂ ਹਨ ਕਿ ਅਸੀਂ ਸਹੁ ਨੂੰ ਪਿਆਰ ਕਰਦੀਆਂ ਹਾਂ ਪਰ ਅਨੰਦ ਮੰਗਲ ਉਹ ਹੀ ਮਾਣਦੀਆਂ ਹਨ ਜਿਹਨਾਂ ਤੇ ਪ੍ਰਭੂ ਕਿਰਪਾਲੂ ਦੀ ਮਿਹਰ ਦੀ ਨਦਰ ਹੁੰਦੀ ਹੈ। ਉਹਨਾਂ ਦੇ ਹੀ ਹਿਰਦੇ ਰੂਪੀ ਸੇਜਾ ਵਿੱਚ ਆਡੰਬਰ ਬਣਦਾ ਹੈ ਜਦੋਂ ਜੀਵ-ਆਤਮਾ (ਪ੍ਰਮਾਤਮਾ ਨਾਲ ਮਿਲ ਕੇ ਭੋਗ ਕਰਦੀ ਹੈ। ਉਹੋ ਹੀ ਸੁਹਾਗਣਾਂ ਹਨ ਜਿਹੜੀਆਂ ਪਿਰ ਨੂੰ ਭਾਉਂਦੀਆਂ ਹਨ ਤੇ ਬਸ ਉਹੋ ਹੀ ਸਹੁ ਦੀ ਸੇਜ ਮਾਣਦੀਆਂ ਹਨ ਤੇ ਆਤਮ ਭੋਗ ਕਰਦੀਆਂ ਹਨ।

*ਜੋ ਪਿਰ ਭਾਵੈ ਸਾ ਸੋਹਾਗਣਿ,*
*ਸਾਈ ਪਿਰ ਕਉ ਮਿਲੈ ਸਿਆਣੀ॥ ਅੰਗ - ੫੬੧*

*ਸਾਈ ਸੋਹਾਗਣਿ ਸਾਈ ਭਾਗਣਿ,*
*ਜੈ ਪਿਰਿ ਕਿਰਪਾ ਧਾਰੀ॥*
*ਪਿਰਿ ਅਉਗਣ ਤਿਸ ਕੇ ਸਭਿ ਗਵਾਏ,*
*ਗਲ ਸੇਤੀ ਲਾਇ ਸਵਾਰੀ॥ ਅੰਗ - ੯੫੯*

ਜਿਹਨਾਂ ਤੇ ਪ੍ਰਭੂ ਦੀ ਕਿਰਪਾ ਹੋ ਗਈ ਹੈ, ਉਹ ਭਾਗਾਂ ਵਾਲੀਆਂ ਹੋ ਗਈਆਂ ਹਨ। ਜਿਹੜੀਆਂ ਕੰਤ ਨੂੰ ਪਰਵਾਨ ਹੋ ਗਈਆਂ ਹਨ, ਦਰ ਕਬੂਲੀਆਂ ਗਈਆਂ ਹਨ, ਜਿਹਨਾਂ ਭਾਂਡਿਆਂ ਨੂੰ ਪ੍ਰਭੂ ਨੇ ਸਵਾਰ ਦਿੱਤਾ ਹੈ। ਜਿਹੜੀਆਂ ਕੰਤ ਨੂੰ ਪਿਆਰੀਆਂ ਹੋ ਗਈਆਂ ਹਨ, ਜਿਹਨਾਂ ਨੂੰ ਠਾਕੁਰ ਨੇ ਬਾਂਹ ਪਕੜ ਕੇ ਭਵ ਸਾਗਰ ਵਿਚੋਂ ਬਾਹਰ ਕਢ ਲਿਆ ਹੈ, ਉਹ ਹੀ ਪ੍ਰਧਾਨ ਗਰਦਾਨੀਆਂ ਗਈਆਂ ਹਨ। ਨਵ ਨਿਧੀ ਅਠਾਰਹ ਸਿੱਧੀ ਉਹਨਾਂ ਦੇ ਹੀ ਪਿੱਛੇ ਲਗੀਆਂ ਫਿਰਦੀਆਂ ਹਨ।

*ਸਾ ਗੁਣਵੰਤੀ ਸਾ ਵਡਭਾਗਣਿ,*
*ਪੁਤ੍ਰਵੰਤੀ ਸੀਲਵੰਤਿ ਸੋਹਾਗਣਿ॥*
*ਰੂਪਵੰਤਿ ਸਾ ਸੁਘੜਿ ਬਿਚਖਣਿ,*
*ਸੋ ਧਨ ਕੰਤ ਪਿਆਰੀ ਜੀਉ॥੨॥*
*ਅਚਾਰਵੰਤਿ ਸਾਈ ਪਰਧਾਨੇ,*
*ਸਭ ਸਿੰਗਾਰ ਬਣੇ ਤਿਸੁ ਗਿਆਨੇ॥*
*ਸਾ ਕੁਲਵੰਤੀ ਸਾ ਸਭਰਾਈ,*
*ਜੋ ਪਿਰਿ ਕੈ ਰੰਗਿ ਸਵਾਰੀ ਜੀਉ॥ ਅੰਗ - ੯੭*

ਸੋਹਾਗਣੀ ਨੇ ਕਿਆ ਕਰਮ ਕਮਾਇਆ ਹੈ ਜਿਸਨੂੰ ਕਿ ਸਚੇ ਸਹੁ ਦੀ ਸੇਜ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਹ ਕੋਈ ਲੁਕੀ ਛਿਪੀ ਗਲ ਨਹੀਂ। ਪ੍ਰਭੂ ਦੀ ਨਦਰ ਦਾ ਹੀ ਸਦਕਾ ਹੈ, ਜਿਨ੍ਹਾਂ ਦੇ ਪੂਰਬਲੇ ਭਾਗ ਜਾਗ ਪਏ ਉਹਨਾਂ ਤੇ ਪ੍ਰਭੂ ਦੀ ਕ੍ਰਿਪਾ ਹੋ ਗਈ। ਉਹਨਾਂ ਨੂੰ ਪ੍ਰਭੂ ਦੇ ਹੁਕਮਾਂ ਦੀ ਸੋਝੀ ਪੈ ਗਈ। ਉਹਨਾਂ ਨੇ ਆਪਣੇ ਜੀਵਨ ਨੂੰ ਪ੍ਰਭੂ ਹੁਕਮਾਂ ਅਨੁਸਾਰ ਢਾਲ ਲਿਆ। ਉਹ ਪ੍ਰਭੂ ਦੇ ਬੈ-ਖ਼੍ਰੀਦ ਦਾਸਰੇ ਬਣ ਗਏ। ਉਨ੍ਹਾਂ ਨੇ ਤਨ ਤੇ ਮਨ ਗੁਰੂ ਨੂੰ ਅਰਪ ਦਿੱਤਾ। ਧਨ ਤੇ ਪਹਿਲਾਂ ਹੀ ਦਾਤੇ ਦੀ ਦਾਤ ਸੀ, ਸੀਸ ਭਰ ਕਰ ਦਿੱਤਾ। ਹਉਮੈ ਵਿਚ ਮੱਤੇ, ਉੱਚੇ ਆਕੜਖਾਨ ਸਿਰ ਨੂੰ ਗੁਰੂ ਅੱਗੇ ਵੇਚ ਦਿੱਤਾ ਜਿਸ ਦੇ ਬਦਲੇ ਗੁਰ-ਦੀਖਿਆ (ਗੁਰ-ਸ਼ਬਦ ਗੁਰਮੰਤ੍ਰ) ਮਿਲ ਗਈ। ਗਲ ਵਿਚ ਪਟਾ ਪੈ ਗਿਆ, ਨੱਕ ਵਿਚ ਨਕੇਲ ਪੈ ਗਈ। 'ਗੁਰਮੁਖ ਨਕ ਨਕੇਲ।' 'ਨੱਕ ਨੱਥ ਖਸਮ ਹੱਥ', ਨਖਸਮੇ ਤੋਂ ਖਸਮ ਵਾਲੇ ਬਣ ਗਏ! ਨਿਗੁਰੇ ਤੋਂ ਸਗੁਰੇ ਹੋ ਗਏ, ਸਹ ਦੇ ਬਣ ਗਏ। ਅਕਾਲੀ ਫ਼ੌਜ, ਅਕਾਲ ਪੁਰਖ ਦੀ ਫ਼ੌਜ ਵਿਚ ਭਰਤੀ ਹੋ ਗਏ। ਖੂਬ ਖੰਡਾ ਖੜਕਣ ਲੱਗਾ, ਨਿਤ ਜੰਗ ਹੋਣ ਲੱਗੀ ਪੰਜਾਂ ਵੈਰੀਆਂ ਨਾਲ ਅੰਦਰ ਸ਼ਬਦ ਵਸ ਗਿਆ। ਅਕਾਲੀ ਫ਼ੌਜ ਦਾ ਸਿਪਾਹੀ ਖਾਲਸ ਬਣ ਕੇ ਖਾਲਸਾ ਅਖਵਾਉਣ ਲੱਗ ਪਿਆ। ਖਾਲਸਾ ਵਾਹਿਗੁਰੂ ਦਾ ਹੋ ਗਿਆ। ਬਦੀ ਨਾਲ ਇਸ ਦੀ ਜੰਗ ਨਿੱਤ ਹੁੰਦੀ। ਹਮੇਸ਼ਾ ਸਤ ਦੀ ਜਿੱਤ ਹੁੰਦੀ। ਸਤਿ ਕਿਉਂਕਿ ਉਹ ਵਾਹਿਗੁਰੂ ਆਪ ਹੈ, ਸੋ ਫਤਹ ਭੀ ਵਾਹਿਗੁਰੂ ਦੀ ਹੁੰਦੀ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹ॥*

ਜੀਵ ਦਾ ਸਹੁ ਨਾਲ ਪਿਆਰ ਪੈ ਗਿਆ। ਧਨੁ (ਜੀਵ ਇਸਤਰੀ) ਸੋਹਾਗਣਿ ਬਣ ਗਈ, ਅਕਾਲ ਪੁਰਖ ਦੀ ਬਖਸ਼ਸ਼ ਦਾ ਸਦਕਾ।

*ਸੋਹਾਗਣੀ ਕਿਆ ਕਰਮੁ ਕਮਾਇਆ।*
*ਪੂਰਬਿ ਲਿਖਿਆ ਫਲੁ ਪਾਇਆ॥*
*ਨਦਰਿ ਕਰੇ ਕੈ ਆਪਣੀ, ਆਪੇ ਲਏ ਮਿਲਾਇ ਜੀਉ ॥੮॥*
*ਹੁਕਮੁ ਜਿਨਾ ਨੋ ਮਨਾਇਆ, ਤਿਨ ਅੰਤਰਿ ਸਬਦੁ ਵਸਾਇਆ,*
*ਸਹੀਆ ਸੇ ਸੋਹਾਗਣੀ, ਜਿਨ ਸਹ ਨਾਲਿ ਪਿਆਰੁ ਜੀਉ ॥੯॥* *ਅੰਗ - ੭੨*

ਸਹੀਆਂ ਸੇ ਸੋਹਾਗਣੀ ....... (ਸੇ ਸਹੀਆਂ ਸੁਹਾਗਣੀਆਂ).......... ਜਿਨ ਸਹਿ ਨਾਲ ਪਿਆਰ ਜੀਉ। ਹਾਂ ਹਾਂ। ਜਿਨ੍ਹਾਂ ਦਾ ਸਹੁ ਨਾਲ ਪਿਆਰ। ਅਜੇਹੀਆਂ ਸਹੀਆਂ ਦਾ ਕੀ ਚਿਹਨ ਹੋਇਆ ਜਿਹੜੀਆਂ ਸੋਹਾਗਣਾਂ ਗਰਦਾਨੀਆਂ ਗਈਆਂ।

*ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ*
*ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥*
*ਅੰਗ - ੭੮*

ਅਜੇਹੀਆਂ ਸਖੀਆਂ ਦੇ ਅੰਦਰ ਸਤ ਦੀ ਜੋਤ ਜਗ ਪਈ। ਚਿਹਰਾ ਦਗਦਗ ਕਰਨ ਲੱਗਿਆ, ਮਸਤਕ ਮਣੀ ਲਾਟ ਕਰ ਉੱਠੀ। ਚਿਹਰੇ ਦਾ ਝਲਕਾਰਾ ਝੱਲਣਾ ਮੁਸ਼ਕਲ ਹੋ ਗਿਆ। ਮੁਖ ਉੱਜਲ ਹੋ ਗਿਆ ਅਤੇ ਖਸਮ ਨਾਲ ਮਿਲਕੇ ਦੋ ਤੋਂ ਇੱਕ ਰੂਪ ਹੋ ਗਏ। ਅਜੇਹੀਆਂ ਇਸਤਰੀਆਂ ਧੰਨਤਾ ਯੋਗ ਹਨ ਜਿਨ੍ਹਾਂ ਨੇ ਪ੍ਰਭੂ ਨੂੰ ਪਛਾਣ ਲਿਆ ਹੈ, ਹਉਮੈ ਮਾਰ ਕੇ, ਆਪਾ ਛੱਡ ਕੇ, ਹੁਕਮ ਮੰਨਣ ਲੱਗ ਪਈਆਂ ਹਨ ਅਤੇ ਇਸ ਤਰ੍ਹਾਂ ਹੁਕਮੀ ਦਾਸੀਆਂ ਬਣ ਕੇ ਪ੍ਰਿਅ ਪ੍ਰਭੂ ਦੇ ਨਾਲ ਰੱਤੀਆਂ ਗਈਆਂ ਹਨ। ਪਿਰ ਸੰਗ ਰੱਤੀਆਂ ਰੰਗ ਰਲੀਆਂ ਮਾਣਦੀਆਂ ਹਨ।

*ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ॥*
*ਮਾਨੈ ਹੁਕਮੁ ਤਜੈ ਅਭਿਮਾਨੈ॥*
*ਪ੍ਰਿਅ ਸਿਉ ਰਾਤੀ ਰਲੀਆ ਮਾਨੈ॥* *ਅੰਗ - ੭੩੭*

ਸਾਰੀਆਂ ਸੁਹਾਗਣਾਂ ਪ੍ਰਿਅ ਸਿਉ ਰਤੀਆਂ ਰਲੀਆਂ ਮਾਣ ਰਹੀਆਂ ਹਨ। ਨਿਕਰਮਣ ਇਸਤਰੀ ਬੇਨਤੀ ਕਰਦੀ ਹੈ ਕਿ ਮੇਰੀ ਵਾਰੀ ਕਦੋਂ ਆਏਗੀ? ਪ੍ਰਭੂ ਕਦੋਂ ਮੇਰੀ ਹਿਰਦੇ ਰੂਪੀ ਸੇਜ ਤੇ ਆਵੇਗਾ? ਹੇ ਪ੍ਰਭੂ! ਮੈਨੂੰ ਭੀ ਸਮਾਂ ਦਿਉ। ਇਕ ਰਾਤ ਮੈਨੂੰ ਭੀ ਅਨੰਦ ਮੰਗਲ ਮਾਨਣ ਨੂੰ ਦਿਉ।

*ਕਰਮਹੀਣ ਧਨ ਕਰੈ ਬਿਨੰਤੀ, ਕਦਿ ਨਾਨਕ ਆਵੈ ਵਾਰੀ॥*
*ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ॥੧॥* *ਅੰਗ - ੬੫੯*

*ਕਰਮਹੀਣ ਧਨ ਕਰੈ ਬਿਨੰਤੀ*
*ਕਦਿ ਨਾਨਕ ਆਵੈ ਵਾਰੀ ......?*

ਕਦ ਨਾਨਕ ਆਵੈ ਵਾਰੀ ...... ਕਦ ਵਾਰੀ ਆਵੈ ਕਦਿ ਨਾਨਕ ਆਵੈ ਵਾਰੀ? ਮੰਝੁ ਕੁਚੱਜੀ ....... ਮੰਞ ਕੁਚੱਜੀ ਅਮਾਵਣਿ ਡੋਸੜੇ (ਮੈਂ ਕੁਚੱਜੀ ਹਾਂ, ਦੋਸ਼ ਬਹੁਤ ਹਨ) ... ਹਉ ਕਿਉ ਸਹੁ ਰਾਵਣਿ ਜਾਉ ਜੀਉ (ਮੈਂ ਸਹੁ ਨਾਲ ਕਿਸ ਤਰ੍ਹਾਂ ਮੇਲ ਕਰਨ ਜਾਵਾਂ) ... ਮੰਝ ਕੁਚੱਜੀ ਅੰਮਾਵਣਿ ਡੋਸੜੇ .... ਅਮਾਵਣਿ ਡੋਸੜੇ, ਮੰਝ ਕੁਚੱਜੀ ...........।

*ਮੰਞੁ ਕੁਚਜੀ ਅੰਮਾਵਣਿ ਡੋਸੜੇ, ਹਉ ਕਿਉ ਸਹੁ ਰਾਵਣਿ ਜਾਉ ਜੀਉ॥*
*ਇਕ ਦੂ ਇਕਿ ਚੜੰਦੀਆਂ, ਕਉਣੁ ਜਾਣੈ ਮੇਰਾ ਨਾਉ ਜੀਉ॥*
*ਜਿਨੀ ਸਖੀ ਸਹੁ ਰਾਵਿਆ, ਸੇ ਅੰਬੀ ਛਾਵੜੀਏਹਿ ਜੀਉ॥*
*ਸੇ ਗੁਣ ਮੰਞੁ ਨ ਆਵਨੀ, ਹਉ ਕੈ ਜੀ ਦੋਸ ਧਰੇਉ ਜੀਉ॥*
*ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ॥*
*ਇਕਤੁ ਟੋਲਿ ਨ ਅੰਬੜਾ, ਹਉ ਸਦ ਕੁਰਬਾਣੈ ਤੇਰੈ ਜਾਉ ਜੀਉ॥*
*ਸੁਇਨਾ ਰੁਪਾ ਰੰਗੁਲਾ, ਮੋਤੀ ਤੈ ਮਾਣਿਕ ਜੀਉ॥*
*ਸੇ ਵਸਤੂ ਸਹਿ ਦਿਤੀਆ, ਮੈ ਤਿਨ੍ ਸਿਉ ਲਾਇਆ ਚਿਤੁ ਜੀਉ॥*
*ਮੰਦਰ ਮਿਟੀ ਸੰਦੜੇ, ਪਥਰ ਕੀਤੇ ਰਾਸਿ ਜੀਉ॥*
*ਹਉ ਏਨੀ ਟੋਲੀ ਭੁਲੀਅਸੁ, ਤਿਸੁ ਕੰਤ ਨ ਬੈਠੀ ਪਾਸਿ ਜੀਉ॥*
*ਅੰਬਰਿ ਕੂੰਜਾ ਕੁਰਲੀਆ, ਬਗ ਬਹਿਠੇ ਆਇ ਜੀਉ॥*
*ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ॥*
*ਸੁਤੀ ਸੁਤੀ ਝਾਲੁ ਥੀਆ, ਭੁਲੀ ਵਾਟੜੀਆਸੁ ਜੀਉ॥*
*ਤੈ ਸਹ ਨਾਲਹੁ ਮੁਤੀਅਸੁ, ਦੁਖਾ ਕੂੰ ਧਰੀਆਸੁ ਜੀਉ॥*
*ਤੁਧੁ ਗੁਣ ਮੈ ਸਭਿ ਅਵਗਣਾ, ਇਕ ਨਾਨਕ ਕੀ ਅਰਦਾਸਿ ਜੀਉ॥*
*ਸਭ ਰਾਤੀ ਸੋਹਾਗਣੀ, ਮੈ ਡੋਹਾਗਣਿ ਕਾਈ ਰਾਤਿ ਜੀਉ॥*
*ਅੰਗ - ੭੬੨*

ਹਾਂ ਜੀ, ਮੈਂ ਤੇ ਕੁਚੱਜੀ ਹਾਂ। ਸਭ ਸਖੀਆਂ ਇਕ ਤੋਂ ਇਕ ਵਧ ਹਨ। ਮੇਰਾ ਨਾਉ ਕਉਣ ਜਾਣਦਾ ਹੈ। ਜਿਨ੍ਹਾਂ ਸਖੀਆਂ ਨੇ ਸਹੁ ਨਾਲ ਮਿਲਕੇ ਅਨੰਦ ਲਿਆ, ਉਹ ਸਮਝੋ ਅੰਬਾਂ ਦੀ ਛਾਵੇਂ ਬੈਠੀਆਂ ਹਨ। ਉਹ ਗੁਣ ਮੇਰੇ ਵਿਚ ਨਹੀਂ ਆਉਂਦੇ। ਮੈਂ ਕਿਸ ਉਤੇ ਦੋਸ਼ ਧਰਾਂ? ਹੇ ਵਾਹਿਗੁਰੂ! ਮੈਂ ਤੇਰੇ ਗੁਣਾਂ ਨੂੰ ਕੀ ਫੈਲਾਵਾਂ ਅਤੇ ਕੀ ਕੀ ਤੇਰਾ ਨਾਮ ਲਵਾਂ? ਮੈਂ ਤੇਰੀ ਵਡਿਆਈ ਨਹੀਂ ਕਰ ਸਕਦੀ। ਏਸੇ ਲਈ ਮੈਂ ਸਦਾ ਤੈਥੋਂ ਕੁਰਬਾਨ ਜਾਂਦੀ ਹਾਂ। ਜਿਹੜਾ, ਚਾਂਦੀ, ਮੋਤੀ ਮਾਣਕ

ਵਸਤੂਆਂ, ਹੇ ਮਾਲਕਾ! ਤੂੰ ਦਿੱਤੀਆਂ ਹਨ, ਮੈਂ ਇਹਨਾਂ ਨਾਲ ਚਿਤ ਲਾਇਆ ਹੈ। ਜਿਹੜੇ ਮਕਾਨ ਮਿੱਟੀ ਤੇ ਪੱਥਰਾਂ ਨਾਲ ਬਣਾਏ ਹਨ, ਮੈਂ ਇਹਨਾਂ ਬਹੁਤੇ ਪਦਾਰਥਾਂ ਵਿਚ ਭੁਲ ਗਈ ਹਾਂ।

ਉਹ ਜੋ ਮੇਰਾ ਮਾਲਕ ਹੈ, ਮੈਂ ਉਸ ਦੇ ਕੋਲ ਨਹੀਂ ਬੈਠੀ। ਉਸ ਨਾਲ ਚਿਤ ਨਹੀਂ ਲਾਇਆ ਭਾਵ ਨਾਮ ਨਹੀਂ ਜਪਿਆ। ਅਕਾਸ਼ ਵਿਚ ਕੂੰਜਾਂ ਬੋਲੀਆਂ ਭਾਵ ਸਿਰ ਤੋਂ ਕਾਲੇ ਵਾਲ ਜਾਣ ਲਗੇ ਅਤੇ ਬਗਲੇ ਅਥਵਾ ਚਿੱਟੇ ਵਾਲ ਆ ਗਏ। ਜਦੋਂ ਜੀਵ ਇਸਤਰੀ ਪਰਮੇਸ਼ਰ ਕੋਲ ਚੱਲੀ, ਹੁਣ ਦੱਸੋ ਅੱਗੇ ਜਾ ਕੇ ਕੀ ਮੂੰਹ ਦੇਵੇਗੀ। ਅਗਿਆਨਤਾ ਵਿਚ ਸੁੱਤੀ ਨੂੰ ਉਮਰ ਬੀਤ ਗਈ ਅਤੇ ਇਹ ਰਾਹ ਭੁਲ ਗਿਆ। ਹੇ ਪ੍ਰਭੂ! ਤੇਰੇ ਨਾਲੋਂ ਵਿਛੜ ਗਈ, ਏਸੇ ਲਈ ਦੁੱਖ ਪਾਂਦੀ ਹਾਂ। ਦਾਤਾਰ ਜੀਓ! ਤੇਰੇ ਵਿਚ ਸਾਰੇ ਗੁਣ ਹਨ ਅਤੇ ਮੇਰੇ ਵਿਚ ਸਾਰੇ ਔਗੁਣ ਹਨ। ਮੇਰੀ ਇਕ ਇਹ ਬੇਨਤੀ ਹੈ।

***ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ॥***

ਸਾਰੀਆਂ ਉਮਰ ਰੂਪ ਰਾਤਾਂ ਸੁਹਾਗਣ ਇਸਤਰੀਆਂ ਦੀਆਂ ਹਨ ਭਾਵ ਸਫ਼ਲ ਹਨ, ਪ੍ਰਭੂ! ਜਿਹੜੀ ਮੈਂ ਛੱਡੀ ਹੋਈ ਇਸਤਰੀ ਹਾਂ, ਮੇਰੀ ਭੀ ਕੋਈ ਰਾਤ ਹੈ ਭਾਵ ਮੈਂ ਵੀ ਕਿਸੇ ਰਾਤ ਤੇਰੇ ਪਾਸ ਆ ਸਕਦੀ ਹਾਂ?

***ਸਭੇ ਕੰਤੈ ਰਤੀਆ ਮੈਂ ਦੋਹਾਗਣਿ ਕਿਤੁ॥***
***ਮੈ ਤਨਿ ਅਵਗਣ ਏਤੜੇ, ਖਸਮ ਨ ਫੇਰੇ ਚਿਤ॥***

***ਅੰਗ - ੨***

ਗੁਰਮੁਖ ਰੂਪ ਸਾਰੀਆਂ ਇਸਤ੍ਰੀਆਂ ਵਾਹਿਗੁਰੂ ਨਾਲ ਰਤੀਆਂ ਹੋਈਆਂ ਹਨ, ਮੈਂ ਦੁਹਾਗਣ ਕਿਸ ਗਿਣਤੀ ਵਿਚ ਹਾਂ? ਮੇਰੇ ਸਰੀਰ ਵਿਚ ਐਨੇ ਔਗੁਣ ਹਨ ਕਿ ਪਤੀ ਮੇਰੇ ਵੱਲ ਚਿਤ ਨਹੀਂ ਫੇਰਦਾ।

***ਸਭਿ ਅਵਗੁਣ, ਮੈ ਗੁਣੁ ਨਹੀ ਕੋਈ***
***ਕਿਉ ਕਰਿ ਕੰਤ ਮਿਲਾਵਾ ਹੋਈ॥੧॥***
***ਨਾ ਮੈ ਰੂਪੁ, ਨ ਬੰਕੇ ਨੈਣਾ॥***
***ਨ ਕੁਲ ਢੰਗੁ ਨ ਮੀਠੇ ਬੈਣਾ॥੧॥ਰਹਾਉ॥***
***ਸੁਰਤਿ ਮਤਿ ਨਾਹੀ ਚਤੁਰਾਈ।***
***ਕਰਿ ਕਿਰਪਾ ਪ੍ਰਭ ਲਾਵਹੁ ਪਾਈ।***
***ਖਰੀ ਸਿਆਣੀ ਕੰਤ ਨ ਭਾਣੀ॥***
***ਮਾਇਆ ਲਾਗੀ ਭਰਮਿ ਭੁਲਾਣੀ॥੫॥***
***ਅਨਿਕ ਜਨਮ ਬਿਛੁਰਤ ਦੁਖੁ ਪਾਇਆ॥***
***ਕਰੁ ਗਹਿ ਲੇਹ ਪ੍ਰੀਤਮ ਪ੍ਰਭ ਰਾਇਆ॥੭॥***

***ਅੰਗ - ੭੫●***

ਮੇਰੇ ਵਿੱਚ ਸਾਰੇ ਔਗੁਣ ਹਨ। ਗੁਣ ਤਾਂ ਕੋਈ ਵੀ ਨਹੀਂ। ਪ੍ਰਭੂ ਨਾਲ ਕਿਵੇਂ ਮੇਲ ਹੋਵੇਗਾ? ਨਾਂ ਮੇਰਾ ਸੁੰਦਰ ਰੂਪ ਹੈ, ਨਾਂ ਮੇਰੇ ਬੰਕੇ ਨੈਣ ਹਨ, ਨਾਂ ਮੇਰੀ ਕੋਈ ਉੱਚੀ ਕੁਲ (ਜ਼ਾਤ) ਹੈ, ਨਾਂ ਕੋਈ ਚੰਗਾ ਕੰਮ ਹੈ ਅਤੇ ਨਾਂ ਹੀ ਮਿੱਠੇ ਬੋਲ ਹਨ। ਚੰਗੀ ਪੀਤੀ, ਅਕਲ ਵਿਚ ਸਿਆਣਪ ਭੀ ਨਹੀਂ।

ਹੇ ਪ੍ਰਭੂ ਜੀ ਕਿਰਪਾ ਕਰਕੇ ਆਪਣੀ ਚਰਨੀ ਲਾਓ। ਜੀਵ ਰੂਪ ਇਸਤਰੀ ਵਿਹਾਰਾਂ ਵਿੱਚ ਤਾਂ ਬਹੁਤ ਹੀ ਸਿਆਣੀ ਹੈ। ਪਰ ਕੰਤ ਪਰਮੇਸ਼ਰ ਨੂੰ ਨਹੀਂ ਭਾਈ, ਕਿਉਂਕਿ ਉਹ ਮਾਇਆ ਦੇ ਕੰਮਾਂ ਵਿਚ ਲੱਗਕੇ ਭਰਮਾਂ ਵਿਚ ਭੁੱਲੀ ਹੋਈ ਹੈ। ਹੇ ਵਾਹਿਗੁਰੂ ਤੈਥੋਂ ਵਿਛੁੜ ਕੇ ਅਨੇਕਾਂ ਜਨਮਾਂ ਵਿਚ ਦੁਖ ਪਾਇਆ ਹੈ। ਹੇ ਪ੍ਰੀਤਮਾ! ਮੇਰਾ ਹੱਥ ਫੜ ਲਉ। ਬਾਂਹਿ ਪਕੜ ਭਵਜਲ ਵਿਚੋਂ ਕੱਢ ਲਓ -

***ਹਉ ਬਲਿਹਾਰੀ ਤਿਨ ਕਉ, ਸਿਫ਼ਤਿ ਜਿਨਾ ਦੈ ਵਾਤਿ॥***
***ਸਭਿ ਰਾਤੀ ਸੋਹਾਗਣੀ, ਇਕ ਮੈ ਦੋਹਾਗਣਿ ਰਾਤਿ॥***

***ਅੰਗ - ੧੯●***

ਜਿਨ੍ਹਾਂ ਦੇ ਮੂੰਹੋਂ ਵਾਹਿਗੁਰੂ ਦੀ ਸਿਫ਼ਤ ਹੁੰਦੀ ਹੈ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦੀ ਹਾਂ। ਹੇ ਵਾਹਿਗੁਰੂ! ਜਿਸ ਤਰ੍ਹਾਂ ਸਾਰੀਆਂ ਸੁਹਾਗਣਾਂ ਦੀ ਉਮਰ ਰੂਪੀ ਰਾਤ ਸਫ਼ਲ ਕੀਤੀ ਹੈ, ਉਸੇ ਹੀ ਤਰ੍ਹਾਂ ਮੇਰੀ ਦੁਹਾਗਣੀ ਦੀ ਵੀ ਇਕ ਰਾਤ ਸਫ਼ਲ ਕਰੋ।

***ਮੇਰਾ ਹਰਿ ਪ੍ਰਭ ਸੁੰਦਰੁ, ਮੈ ਸਾਰ ਨਾਂ ਜਾਣੀ॥***
***ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ॥੧॥***
***ਹਉ ਕਿਉ ਕਰਿ ਪਿਰ ਕਉ ਮਿਲਉ ਇਆਣੀ॥***
***ਜੋ ਪਿਰ ਭਾਵੈ ਸਾ ਸੋਹਾਗਣਿ,***
***ਸਾਈ ਪਿਰ ਕਉ ਮਿਲੈ, ਸਿਆਣੀ॥੧॥ਰਹਾਉ॥***
***ਮੈ ਵਿਚਿ ਦੋਸ, ਹਉ ਕਿਉ ਕਰਿ ਪਿਰੁ ਪਾਵਾ।***
***ਤੇਰੇ ਅਨੇਕ ਪਿਆਰੇ ਹਉ ਪਿਰ ਚਿਤ, ਨ ਆਵਾ॥੨॥***
***ਜਿਨਿ ਪਿਰੁ ਰਾਵਿਆ, ਸਾ ਭਲੀ ਸੁਹਾਗਣਿ॥***
***ਸੇ ਮੈ ਗੁਣ ਨਾਹੀ, ਹਉ ਕਿਆ ਕਰੀ ਦੁਹਾਗਣਿ।੩।***
***ਨਿਤ ਸੁਹਾਗਣਿ ਸਦਾ ਪਿਰੁ ਰਾਵੈ॥***
***ਮੈ ਕਰਮਹੀਣ ਕਬ ਹੀ ਗਲਿ ਲਾਵੈ॥੪॥***
***ਤੂ ਪਿਰੁ ਗੁਣਵੰਤਾ ਹਉ ਅਉਗਣਿਆਰਾ॥***
***ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ॥੫॥੨॥***

***ਅੰਗ - ੫੬੧***

ਮੇਰਾ ਵਾਹਿਗੁਰੂ ਹਰ ਤਰ੍ਹਾਂ ਨਾਲ ਸੁੰਦਰ ਹੈ ਪਰ ਮੈਂ ਉਸ ਦੀ ਸਾਰ ਨਹੀਂ ਜਾਣੀ। ਮੈਂ ਆਪਣੇ ਮਾਲਕ ਪ੍ਰਭੂ ਨੂੰ ਛੱਡਕੇ ਦੂਸਰੇ ਭਾਉ ਵਾਲੇ ਸੰਸਾਰ ਵਿਚ ਲੁਭਾਈ ਹੋਈ ਹਾਂ। ਮੈਂ ਮੂਰਖ (ਨਿਆਣੀ) ਆਪਣੇ ਮਾਲਕ ਨੂੰ ਕਿਸ ਤਰ੍ਹਾਂ ਮਿਲਾਂ? ਜਿਹੜੀ ਪਤੀ ਪਰਮੇਸ਼ਰ ਨੂੰ ਭਾਉਂਦੀ ਹੈ ਉਹੀ ਸੁਹਾਗਣ ਇਸਤ੍ਰੀ ਹੈ, ਉਹੋ ਹੀ ਸਿਆਣੀ ਇਸਤ੍ਰੀ, ਪਤੀ ਨੂੰ ਮਿਲਦੀ ਹੈ। ਮੇਰੇ ਵਿਚ ਦੋਸ਼ ਬਹੁਤ ਹਨ? ਮੈਂ ਆਪਣੇ ਮਾਲਕ ਨੂੰ

ਕਿਵੇਂ ਪਾਵਾਂ। ਹੇ ਵਾਹਿਗੁਰੂ! ਤੇਰੇ ਤਾਂ ਅਨੇਕਾਂ ਪਿਆਰੇ ਹਨ। ਇਸ ਲਈ ਮੈਂ ਤੈਨੂੰ ਯਾਦ ਨਹੀਂ ਆਉਂਦੀ। ਜਿਨ੍ਹਾਂ ਨੇ ਪਤੀ ਪਰਮੇਸ਼ਰ ਦੇ ਆਨੰਦ ਨੂੰ ਮਾਣਿਆ ਹੈ ਉਹ ਬੜੀਆਂ ਚੰਗੀਆਂ ਸੁਹਾਗਣ ਇਸਤ੍ਰੀਆਂ ਹਨ। ਉਨ੍ਹਾਂ ਸੁਹਾਗਣੀਆਂ ਵਾਲੇ ਗੁਣ ਮੇਰੇ ਵਿਚ ਨਹੀਂ ਹਨ, ਇਸ ਲਈ ਮੈਂ ਛੁੱਟੜ ਇਸਤ੍ਰੀ ਕੀ ਕਰਾਂਗੀ ਭਾਵ ਆਤਮ ਸੁੱਖ ਕਿਵੇਂ ਪਾਵਾਂਗੀ? ਜਿਹੜੀ ਮਾਲਕ ਨੂੰ ਰੋਜ਼ ਮਿਲਕੇ ਆਨੰਦ ਮਾਣਦੀ ਹੈ ਉਹ ਸਦਾ ਹੀ ਸੁਹਾਗਣ ਇਸਤਰੀ ਹੈ। ਮੈਨੂੰ ਕਰਮਾਂ ਤੋਂ ਹੀਣੀ ਨੂੰ ਕਦੀ ਤਾਂ ਗਲ ਨਾਲ ਲਗਾਵੇਗਾ ਹੀ। ਹੇ ਪ੍ਰਭੂ! ਤੂੰ ਗੁਣ ਵਾਲਾ ਹੈਂ। ਮੈਂ ਔਗੁਣਾਂ ਦੀ ਭਰੀ ਹੋਈ ਹਾਂ, ਮੈਂ ਗੁਣਹੀਣ ਤੇ ਗਰੀਬ ਹਾਂ। ਜਿਵੇਂ ਜਾਣਦਾ ਹੈਂ, ਮੈਨੂੰ ਬਖਸ਼ ਲੈ।

*ਨਿਤ ਸੁਹਾਗਣਿ ਸਦਾ ਪਿਰੁ ਰਾਵੈ॥*
*ਮੈ ਕਰਮਹੀਣ ਕਬ ਹੀ ਗਲਿ ਲਾਵੈ॥*
*ਤੂ ਪਿਰੁ ਗੁਣਵੰਤਾ, ਹਉ ਅਉਗਣਿਆਰਾ॥*
*ਮੈ ਨਿਰਗੁਣ ਬਖਸਿ, ਨਾਨਕੁ ਵੇਚਾਰਾ॥*
*ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ*
*ਨਾਨਕੁ ਵੇਚਾਰਾ .....।*
*ਕਰਮਹੀਣ ਧਨ ਕਰੈ ਬਿਨੰਤੀ...*
*ਕਦਿ ਨਾਨਕ ਆਵੈ ਵਾਰੀ......।*
*ਸਭਿ ਸੁਹਾਗਣਿ ਮਾਣਹਿ ਰਲੀਆ,*
*ਇਕ ਦੇਵਹੁ ਰਾਤਿ ਮੁਰਾਰੀ ......*
*ਇਕ ਦੇਵਹੁ ਰਾਤਿ ਮੁਰਾਰੀ..*

### *(ਪੰਨਾ 10 ਦੀ ਬਾਕੀ)*

ਗਏ ਅਤੇ ਭਾਈ ਜੇਠਾ ਜੀ ਭਾਉ ਅਤੇ ਚਾਉ ਵਿਚ ਕਾਇਮ ਰਹੇ, ਰਤਾ ਭਰ ਨਾ ਚੱਲੇ! ਤਦੋਂ ਉਹਨਾਂ ਨੂੰ ਹੀ ਸਿੱਖ ਸੰਗਤਾਂ ਨੂੰ ਭੀ ਭਾਉ ਅਤੇ ਚਾਉ ਵੰਡਣ ਦੀ ਸੇਵਾ ਮਿਲੀ। ਉਹਨਾਂ ਦੀ ਬਾਣੀ ਵਿਚੋਂ ਚਾਉ ਦੇ ਜੋ ਦਰਸ਼ਨ ਹੁੰਦੇ ਹਨ, ਮਨ ਨੂੰ ਕੀਲ ਲੈਂਦੇ ਹਨ –

*ਹਰਿ ਆਪਨੀ ਕ੍ਰਿਪਾ ਕਰੀ, ਆਪ ਗ੍ਰਿਹਿ ਆਇਓ*
*ਹਮ ਹਰਿ ਕੀ ਗੁਰ ਕੀਈ ਹੈ ਬਸੀਠੀ,*
*ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ॥੧॥*
*ਹਰਿ ਆਵਤੇ ਕੀ ਖਬਰਿ ਗੁਰਿ ਪਾਈ,*
*ਮਨਿ ਤਨਿ ਆਨਦੋ ਆਨੰਦ ਭਏ, ਹਰਿ ਆਵਤੇ ਸੁਨੇ ਮੇਰੇ ਲਾਲ ਹਰਿ ਲਾਲ॥*
*ਜਨੁ ਨਾਨਕੁ ਹਰਿ ਹਰਿ ਮਿਲੇ, ਭਏ ਗਲਤਾਨ ਹਾਲ, ਨਿਹਾਲ ਨਿਹਾਲ॥੨॥੧॥੭॥ ਅੰਗ – ੯੭੭*

ਅਸਲ ਨਿਹਾਲ ਚਾਉ ਨਾਲ ਹੋਣੈ। ਭਾਵੇਂ ਲਖ ਵਾਰੀ ਉਤੋਂ ਉਤੋਂ ਪਏ 'ਬੋਲੇ ਸੋ ਨਿਹਾਲ' ਕਰੀਏ, ਨਿਹਾਲ ਨਹੀਂ ਹੋ ਸਕੀਦਾ। ਸ੍ਰੀ ਗੁਰੂ ਅਮਰਦਾਸ ਜੀ ਨੇ ਤਾੜਨਾ ਕੀਤੀ ਹੈ, ਸ਼ਾਇਦ ਸਾਡਾ ਉਧਰ ਧਿਆਨ ਨਹੀਂ ਗਿਆ –

*ਰੇ ਜਨ! ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ॥*
*ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ, ਅੰਤਰਿ ਨ ਉਪਜਿਓ ਚਾਉ॥*
*ਸਰੀਰੁ ਜਲਉ ਗੁਣ ਬਾਹਰਾ, ਜੋ ਗੁਰ ਕਾਰ ਨ ਕਮਾਇ॥*
*ਜਗਤੁ ਜਲੰਦਾ ਡਿਠੁ ਮੈ, ਹਉਮੈ ਦੂਜੈ ਭਾਇ॥੧॥੨੩॥*
*ਅੰਗ – ੬੫੧*

(ਉਥਾਰੇ = ਸੁਪਨੇ ਵਿਚ ਡਰ ਨਾਲ ਦਬੇ ਹੋਣਾ)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਨੂੰ ਭਾਉ ਅਤੇ ਚਾਉ ਦੇ ਗੁਣ, ਜੀਵਨ ਵਿਚ ਧਾਰਨ ਕਰਨ ਦੀ ਸਿੱਖਿਆ ਦਿੰਦੇ ਹੋਏ ਫੁਰਮਾਦੇ ਹਨ –

*ਵਾਜਾ ਮਤਿ ਪਖਾਵਜੁ ਭਾਉ॥ ਹੋਇ ਅਨੰਦੁ ਸਦਾ ਮਨਿ ਚਾਉ॥*
*ਏਹਾ ਭਗਤਿ ਏਹੋ ਤਪ ਤਾਉ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥੧॥ ਅੰਗ – ੩੫੦*

ਪਰ ਜਿਸ ਸਿੱਖ ਪਾਸ ਨਾ ਚਾਉ ਹੈ ਨ ਭਾਉ (ਪ੍ਰੇਮ) ਹੈ, ਉਸ ਬਾਰੇ ਸਤਿਗੁਰੂ ਜੀ ਬੜੇ ਕਰੜੇ ਸ਼ਬਦਾਂ ਵਿਚ ਆਖਦੇ ਹਨ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥੧॥੧੦੧੧*
*ਅੰਗ – ੧੪੨*

ਮਹਾਰਾਜ ਦਾ ਕਹਿਣਾ ਇਹ ਹੈ ਕਿ ਜਿਨ੍ਹਾਂ ਅੰਦਰ ਸਤਿਗੁਰੂ ਦੀ ਬਾਣੀ ਸੁਣ, ਪੜ ਅਤੇ ਵਿਚਾਰ ਕਰਕੇ ਭੀ ਚੌਥੇ ਪਹਿਰੇ ਸੁਬਾਹ ਦੇ ਨਾਮ ਜਪਣ ਦਾ ਚਾਉ ਜਾਂ ਉਤਸ਼ਾਹ ਨਹੀਂ ਉਠਦਾ ਉਹ ਅਜੇ ਗੁਰਸਿੱਖੀ ਦੀ ਬਾਰੀਕੀ ਨੂੰ ਨਹੀਂ ਸਮਝ ਸਕੇ। ਸਿੱਖੀ ਦਾ ਦੂਜਾ ਨਾਮ ਗੁਰੂ ਘਰ ਵਿਚ ਚਾਉ ਨਾਲ ਜੀਣਾ ਹੈ। ਸਿੱਖ ਨੇ ਸਿਮਰਨ ਕਰਨਾ ਹੈ ਤਾਂ ਚਾਉ ਵਿਚ, ਸੇਵਾ ਕਰਨੀ ਹੈ ਤਾਂ ਚਾਉ ਵਿਚ, ਕੀਰਤਨ ਕਰਨਾ ਹੈ ਤਾਂ ਆਤਮ-ਰੰਗ ਵਿਚ। ਕਬੀਰ ਜੀ ਤਾਂ ਇਸ ਤੋਂ ਭੀ ਅਗੇ ਦੀ ਗੱਲ ਕਹਿੰਦੇ ਹਨ, ਸਿੱਖ ਮਰੇ ਭੀ ਤਾਂ ਚਾਉ ਵਿਚ –

*ਕਬੀਰ ਮੁਹਿ ਮਰਨੇ ਕਾ ਚਾਉ ਹੈ,*
*ਮਰਉ ਤ ਹਰਿ ਕੈ ਦੁਆਰ॥੬੧॥ ਅੰਗ – ੧੩੬੭*

ਪਰ ਅੱਜ ਕੌਮ ਮਾਇਆ ਦੇ ਚਾਅ ਵਿਚ ਹੈ। ਰੱਬੀ ਰੰਗ ਦਾ ਚਾਅ ਹੋਰ ਹੁੰਦਾ ਹੈ, ਮਾਇਆ ਦੇ ਚਾਅ ਦਾ ਰੰਗ ਹੋਰ।

# ਸਿਮਰਨ

*[ਭਾਈ ਜਸਵੰਤ ਸਿੰਘ ਜੀ - 'ਬਾਊ ਜੀ' ਦੋਦੜੇ ਵਾਲੇ]*

ਸਿਮਰਨ ਦਾ ਅਰਥ ਹੈ, ਸਿਮਰਤੀ ਯਾ ਯਾਦ ਵਿਚ ਲਿਆਉਣਾ, ਅਥਵਾ ਯਾਦ ਕਰਨਾ, ਮੁੜ ਮੁੜ ਯਾਦ ਕਰਨ। ਅਸੀਂ ਆਪਣੇ ਕੇਂਦਰ, ਜੀਵਨ ਸੋਮੇ, ਪਰਮੇਸ਼ਵਰ ਤੋਂ 'ਭੁੱਲ' ਕਾਰਨ ਵਿਛੁੜੇ ਹੋਏ ਹਾਂ। ਆਪਣੇ ਜੀਵਨ-ਦਾਰੇ ਨੂੰ ਫਿਰ ਮਿਲਣ ਦਾ ਇਕੋ ਇਕ ਸਾਧਨ 'ਭੁੱਲ' ਨੂੰ 'ਯਾਦ' ਵਿਚ ਬਦਲਣਾ ਹੈ। ਜਨਮਾਂ ਜਨਮਾਂਤਰਾਂ ਤੋਂ ਲਗਾਤਾਰ ਚਲੀ ਆਉਂਦੀ ਸਾਡੇ ਸੰਸਕਾਰਾਂ ਵਿਚ ਰੱਖੀ ਹੋਂਦ ਦੀ ਭੁਲ ਹੋ ਚੁੱਕੀ ਹੈ। ਇਸ 'ਭੁਲ' ਦੇ ਡੂੰਘੇ ਸੰਸਕਾਰਾਂ ਨੂੰ ਰੱਬੀ 'ਹੋਂਦ ਹੈ' ਭਾਵ ਦੇ ਸਿਦਕ ਵਿਚ ਬਦਲਣ ਲਈ ਸਾਧਨ ਹੇ 'ਸਿਮਰਨ', 'ਲਗਾਤਾਰ ਸਿਮਰਨ' 'ਲਗਾਤਾਰ ਸਿਮਰਨ'। ਇਸ ਔਖੇ ਸਾਧਨ ਲਈ, ਬੜੇ ਉੱਦਮ ਤੇ ਦ੍ਰਿੜ੍ਹਤਾ ਨਾਲ ਪਾਲਣਾ ਕਰਨ ਦੀ ਲੋੜ ਹੈ ਤਾਂ ਕਿ ਸਾਡੇ ਡੂੰਘੇ ਭੁੱਲ ਦੇ ਸੰਸਕਾਰ ਯਾਦ ਵਿਚ ਬਦਲ ਸਕਣ।

ਸਾਡੇ ਸਾਰੇ ਦੁਖਾਂ, ਕਲੇਸ਼ਾਂ ਦਾ ਮੂਲ ਕਾਰਨ ਇਹ 'ਭੁੱਲ' ਹੈ।

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥੯॥*
*ਅੰਗ - ੧੩੫*

*ਦੁਖੁ ਤਦੇ ਜਾ ਵਿਸਰਿ ਜਾਵੈ॥੧॥੧੫॥ ਅੰਗ - ੯੮*

*ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ॥੧॥੧੫੮॥*
*ਅੰਗ - ੧੯੭*

ਇਸ ਦੇ ਉਲਟ ਸਿਮਰਨ, 'ਯਾਦ' ਨਾਲ ਸਭ ਸੁਖ ਪ੍ਰਾਪਤ ਹੁੰਦੇ ਹਨ। ਜਿਸ ਤਰ੍ਹਾਂ ਗੁਰਬਾਣੀ ਵਿਚ ਅੰਕਤ ਹੈ-

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥੧॥*
*ਸੁਖਮਨੀ - ੨੬੨*

*ਮਹਾ ਕਸਟ ਕਾਟੈ ਖਿਨ ਭੀਤਰਿ, ਰਸਨਾ ਨਾਮੁ ਚਿਤਾਰੇ॥੧॥੧੩੮॥ ਅੰਗ - ੨੧੦*

*ਹਰਿਜਨ ਸਿਮਰਹੁ ਹਿਰਦੈ ਰਾਮ॥*
*ਹਰਿਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ॥ਰਹਾਉ॥॥੧੩॥ ਅੰਗ - ੨੦੨*

*ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ॥*
*ਹਰਿ ਸੇਵਕ ਨਾਹੀ ਜਮ ਪੀੜ॥੨॥੩॥ ਅੰਗ - ੮੦੨*

*ਹਰਿ ਸਿਮਰਤ ਤੇਰੀ ਜਾਇ ਬਲਾਇ॥ ਸਰਬ ਕਲਿਆਣ ਵਸੈ ਮਨਿ ਆਇ॥੧॥੧੩੭॥ ਅੰਗ - ੧੯੩*

*ਘਰ ਮੰਦਰ ਖੁਸੀਆ ਤਹੀ, ਜਹ ਤੂ ਆਵਹਿ ਚਿਤਿ॥੨॥੬॥ ਅੰਗ - ੩੧੯*

ਉਤਲੀਆਂ ਤੁਕਾਂ ਤੋਂ ਸਿੱਧ ਹੁੰਦਾ ਹੈ ਕਿ ਪਰਮੇਸ਼ੁਰ ਦੇ ਵਿਸ਼ਰਨ, 'ਭੁਲ' ਨਾਲ ਸਾਰੇ ਦੁਖ, ਕਲੇਸ਼, ਅਪਦਾਵਾਂ, ਰੋਗ, ਭਰਮ, ਈਰਖਾ, ਦਵੈਖ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਅਸ਼ਾਂਤੀ ਆਦਿ, ਉਪਜਦੀ ਹੈ। ਜਿਸ ਤਰ੍ਹਾਂ ਹਨੇਰੇ ਵਿਚ ਹੀ ਠੋਕਰਾਂ, ਭਰਮ, ਦੁਖ ਹੁੰਦਾ ਹੈ, ਤੇ ਚਾਨਣਾ ਹੋਣ ਨਾਲ ਸਭ ਭਰਮ ਮਿਟ ਜਾਂਦੇ ਹਨ, ਤੇ ਹਰ ਤਰ੍ਹਾਂ ਦੇ ਸੁਖ, ਨਿੱਘ, ਸ਼ਾਂਤੀ ਆਪੇ ਸਹਿਜ ਸੁਭਾ ਪ੍ਰਾਪਤ ਹੋ ਜਾਂਦੇ ਹਨ। ਇਸੇ ਤਰ੍ਹਾਂ ਜਦ ਅਸੀਂ ਪਰਮੇ ਦੀ 'ਯਾਦ' ਸਿਮਰਨ 'ਹਜ਼ੂਰੀ' ਦੀ ਰੋਸ਼ਨੀ ਵਿਚ ਹੁੰਦੇ ਹਾਂ, ਤਾਂ ਸੁਖ ਸ਼ਾਂਤੀ, ਪ੍ਰੇਮ, ਆਨੰਦ, ਗਿਆਨ, ਸ਼ਕਤੀ ਆਦਿ ਸਾਰੇ ਹੀ ਰੱਬੀ ਗੁਣ ਸਾਡੇ ਅੰਦਰ ਸਹਿਜ ਹੀ ਪ੍ਰਵੇਸ਼ ਹੋ ਜਾਂਦੇ ਹਨ। ਜੇ ਅਸੀਂ ਦੁਖਾਂ, ਕਲੇਸ਼ਾਂ, ਤੋਂ ਬਚਣਾ ਚਾਹੁੰਦੇ ਹਾਂ ਤੇ ਸਦਾ ਸੁਖੀ ਹੋਣਾ ਚਾਹੁੰਦੇ ਹਾਂ, ਤਾਂ ਸਾਨੂੰ ਭੁੱਲ ਵਿਚੋਂ ਨਿਕਲ ਕੇ, ਯਾਦ ਵਿਚ ਆਉਣਾ ਪਏਗਾ ਤੇ ਇਸ ਲਈ ਲਗਾਤਾਰ ਸਿਮਰਨ ਕਰਨ ਦੀ ਲੋੜ ਹੈ।

## ਸਿਮਰਨ ਦੇ ਕਈ ਦਰਜੇ ਹਨ

੧. ਸਭ ਤੋਂ ਪਹਿਲਾਂ ਰਸਨਾ ਨਾਲ ਨਾਮ ਜਪਣਾ ਹੈ। ਇਸ ਲਈ ਉੱਦਮ ਤੇ ਸਾਧ ਸੰਗਤ ਅਤੇ ਗੁਰਬਾਣੀ ਦੀ ਬੜੀ ਲੋੜ ਹੈ। ਮਨ ਬਹੁਤ ਚੰਚਲ ਹੋਣ ਕਰਕੇ ਸਾਡੇ ਆਪਣੇ ਆਪ ਕੋਲੋਂ ਸਿਮਰਨ ਹੋਣਾ ਬਹੁਤ ਮੁਸ਼ਕਲ ਹੈ, ਕਿਉਂਕਿ ਸਾਡਾ ਧਿਆਨ ਨਹੀਂ ਟਿਕਦਾ, ਖਿਸਕ-ਖਿਸਕ ਜਾਂਦਾ ਹੈ, ਤੇ 'ਜਾਪੁ' ਟੁੱਟ-ਟੁੱਟ ਜਾਂਦਾ ਹੈ। ਅਕਸਰ ਜਗਿਆਸੂਆਂ ਦੀ ਇਹੀ ਵੱਡੀ

ਔਕੜ ਤੇ ਸ਼ਿਕਾਇਤ ਹੁੰਦੀ ਹੈ। ਪਰ ਸਾਧ ਸੰਗਤ ਤੇ ਗੁਰਬਾਣੀ ਦੀ ਸਹਾਇਤਾ ਨਾਲ ਇਹ ਮਨ ਸਹਿਜੇ ਹੀ ਕਾਬੂ ਆ ਜਾਂਦਾ ਹੈ, ਤੇ ਸਿਮਰਨ ਕਰਨ ਵਿਚ ਸੌਖ ਹੋ ਜਾਂਦੀ ਹੈ। ਭਾਵੇਂ ਪਹਿਲੇ ਪਹਿਲ 'ਜਾਪ' ਦੀ ਅਵਸਥਾ ਵਿਚ ਸਿਮਰਨ ਕਰਨਾ ਬਹੁਤ ਔਖਾ ਪ੍ਰਤੀਤ ਹੋਵੇ, ਤੇ ਸਿਲ ਅਲੂਣੀ ਹੀ ਚਟਣੀ ਪਵੇ, ਪਰ ਫਿਰ ਵੀ ਲਗੇ ਰਹਿਣ ਦੀ ਲੋੜ ਹੈ। ਸਹਿਜੇ ਸਹਿਜੇ ਸਾਧ ਸੰਗਤ ਦੀ ਸਹਾਇਤਾ ਤੇ ਗੁਰੂ ਦੀ ਕਿਰਪਾ ਨਾਲ ਦੂਜੀ ਅਵਸਥਾ ਪ੍ਰਾਪਤ ਹੁੰਦੀ ਹੈ।

੨. ਦੂਜੀ ਅਵਸਥਾ ਵਿਚ ਧਿਆਨ ਸਿਮਰਨ ਵਿਚ ਟਿਕਣ ਲਗ ਜਾਂਦਾ ਹੈ ਸਹਿਜ ਸੁਭਾਏ, ਆਪ ਸਿਮਰਨ ਹੋਣ ਲਗ ਜਾਂਦਾ ਹੈ ਤੇ ਅਕਹਿ ਸ਼ਾਂਤੀ, ਸੁਖ, ਪਿਆਰ ਰਸ ਆਦਿ ਪ੍ਰਤੀਤ ਹੋਣ ਲਗ ਜਾਂਦਾ ਹੈ। 'ਉਪਜੀ ਪ੍ਰੀਤਿ ਪ੍ਰੇਮ ਰਸ ਚਾਉ' ਵਾਲੀ ਹਾਲਤ ਵਰਤਦੀ ਹੈ, ਤੇ ਸਿਮਰਨ ਕਰਨਾ ਚੰਗਾ 'ਪਿਆਰ ਵਾਲਾ ਰਸਦਾਇਕ ਹੋ ਜਾਂਦਾ ਹੈ। ਇਸ ਅਵਸਥਾ ਵਿਚ ਸਿਮਰਨ ਬਗੈਰ ਮਨ ਉਚਾਟ, ਬਿਹਬਲ, ਸੱਖਣਾ ਪ੍ਰਤੀਤ ਕਰਦਾ ਹੈ। 'ਅਖਾ ਜੀਵਾ ਵਿਸਰੈ ਮਰਿ ਜਾਉ' ਵਾਲੀ ਹਾਲਤ ਹੋ ਜਾਂਦੀ ਹੈ।

੩. ਇਸ ਤੋਂ ਅਗੇ 'ਸ਼ਬਦ ਸੁਰਤਿ ਲਿਵਲੀਨ' ਦੀ ਅਵਸਥਾ ਸਤਿਗੁਰ ਦੀ ਅਪਾਰ ਬਖਸ਼ਿਸ਼ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਜਿਸ ਵਿਚ 'ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ' (ਅੰਗ - ੭੪੩) ਅਨੁਸਾਰ ਜਗਿਆਸੂ ਦਾ ਜੀਵਨ 'ਸਿਮਰਨ ਰੂਪ ਹੋ ਕੇ 'ਤੋਰੀ ਨ ਤੂਟੈ ਛੋਰੀ ਨ ਛੂਟੈ, ਐਸੀ ਮਾਧੋ ਖਿੱਚ ਤਨੀ (ਅੰਗ - ੬੫੭) ਵਾਲੀ ਆਤਮਕ ਖੇਡ ਵਰਤਦੀ ਹੈ, ਤੇ ਜੀਵਨ ਸਫਲ ਹੋ ਕੇ ਇਲਾਹੀ ਪੂਰਨਤਾ ਨੂੰ ਛੂਹਦਾ ਹੈ।

ਇਸ ਜਗਾ ਪ੍ਰੋ. ਪੂਰਨ ਸਿੰਘ ਜੀ ਲਿਖਦੇ ਹਨ – As the feet of men fall and beat a patti so my lips repeating His Name cut a direction for my soul. To the Beloved sweet is the repetition of Nam'.

ਜਿਸ ਤਰਾਂ ਆਦਮੀ ਦੇ ਲਗਾਤਾਰ ਕਦਮਾਂ ਨਾਲਜ਼ ਜਮੀਨ ਤੇ ਡੰਡੀ ਉਲੀਕੀਦੀ ਹੈ ਇਸੇ ਤਰ੍ਹਾਂ ਮੇਰਾ ਬਲ ਤੇ ਰਸਨਾ 'ਨਾਮ' ਦਾ ਰਟਨ ਕਰਦੇ ਹੋਏ ਮੇਰੀ ਰੂਹ ਨੂੰ ਅਗਵਾਈ ਤੇ 'ਸੇਧ' ਦਿੰਦੇ ਹਨ। ਇਸ ਤਰ੍ਹਾਂ ਗੁਰਮੁਖ ਪਿਆਰਿਆਂ ਲਈ 'ਨਾਮ' ਦਾ ਰਟਨ ਮਿੱਠਾ ਤੇ ਰਸਦਾਇਕ ਬਣ ਜਾਂਦਾ ਹੈ।

## ਗੁਰ-ਮੰਤਰ

ਸਿਮਰਨ ਕਰਨ ਬਾਬਤ ਸੰਗਤਾਂ ਵਿਚ ਕਈ ਭੁਲੇਖੇ ਪ੍ਰਚਲਤ ਹਨ –

੧. ਪਹਿਲਾ ਸੁਆਲ ਇਹ ਕੀਤਾ ਜਾਂਦਾ ਹੈ ਕਿ ਸਿਮਰਨ ਕਰਨ ਲਈ ਕਿਹੜੇ ਸ਼ਬਦ ਜਾਂ ਮੰਤਰ ਦਾ ਜਾਪ ਕੀਤਾ ਜਾਵੇ? ਉਂਜ ਤਾਂ ਲੋਕਾਂ ਨੇ ਰੱਬ ਦੇ ਅਨੇਕ ਨਾਮ, ਆਪ ਆਪਣੀ ਬੋਲੀ ਵਿਚ ਰਖੇ ਹੋਏ ਹਨ, ਪਰ ਗੁਰਬਾਣੀ ਵਿਚ ਹਰੀ, ਰਾਮ, ਰੱਬ, ਪਰਮੇਸ਼ਵ੍ਰ, ਸੁਆਮੀ, ਅੱਲਾ, ਠਾਕੁਰ, ਬੀਠਲ, ਪ੍ਰੀਤਮ ਆਦਿ ਅਨੇਕ ਨਾਵਾਂ ਦਾ ਜ਼ਿਕਰ ਹੈ। ਸਾਰੇ ਹੀ ਨਾਮ, ਕ੍ਰਿਤਮ ਨਾਮ ਸਤਿਕਾਰਯੋਗ ਹਨ ਤੇ ਪ੍ਰੀਤਮ ਦੇ ਲਖਾਇਕ ਹਨ। ਪਰ ਜੱਪਣ ਲਈ ਸਿਰਫ਼ ਗੁਰ-ਮੰਤਰ ਹੀ ਪ੍ਰਵਾਨ ਹੈ, ਉਹ ਮੰਤਰ ਜੋ ਗੁਰੂ ਨੇ ਬਖਸ਼ਿਆ ਹੋਵੇ। ਗੁਰ-ਮੰਤਰ ਜਾਂ ਸ਼ਬਦ ਜੋ ਗੁਰੂ ਕੋਲੋਂ ਮਿਲਣ ਕਾਰਨ ਇਸ ਦੇ ਪਿੱਛੇ ਗੁਰੂ ਦੀ ਮਿਹਰ ਤੇ ਆਤਮਕ ਸ਼ਕਤੀ ਛੁਪੀ ਹੋਈ ਹੈ ਤੇ ਗੁਰੂ ਖੁਦ ਅਣਡਿੱਠੇ ਤਰੀਕੇ ਨਾਲ ਸਹਾਇਤਾ, ਅਗਵਾਈ ਤੇ ਬਖਸ਼ਿਸ਼ ਕਰਦਾ ਹੈ ਤੇ ਸਫਲਤਾ ਪ੍ਰਦਾਨ ਕਰਦਾ ਹੈ। ਇਹ ਸਿਰਫ਼ 'ਅੱਖਰ' (ਗੁਰ-ਮੰਤਰ) ਹੀ ਨਹੀਂ ਹੁੰਦਾ, ਬਲਕਿ ਇਸ ਦੀ ਅੰਤਰੀਵ ਤਹਿ ਵਿਚ ਗੁਰੂ ਦੀ ਸ਼ਕਤੀ ਤੋਂ ਬਖਸ਼ਿਸ਼ ਕੰਮ ਕਰਦੀ ਹੈ। ਕਬੀਰ ਨੇ ਵੀ ਕਿਹਾ ਹੈ 'ਕਹੁ ਕਬੀਰ ਅਖਰ ਦੁਇ ਭਾਖਿ॥ ਹੋਇਗਾ ਖਸਮੁ ਤ ਲੇਇਗਾ ਰਾਖਿ' (ਅੰਗ - ੩੨੯) ਉਸ ਨੂੰ ਦੋ ਅੱਖਰਾਂ ਵਾਲਾ 'ਰਾਮ' ਮੰਤਰ ਉਸ ਦੇ ਗੁਰੂ ਰਾਮਾਨੰਦ ਨੇ ਦਿੱਤਾ ਸੀ, ਇਸ ਮੰਤਰ ਦਾ ਖਸਮ ਯਾਨੀ ਗੁਰੂ, ਆਪਣੇ ਮੰਤਰ ਦੀ ਆਪੇ ਲਾਜ ਰਖੇਗਾ, ਤੂੰ ਇਸ ਦਾ ਰਟਨ ਕਰੀ ਜਾ। ਸਾਨੂੰ ਸਾਡੇ ਸਤਿਗੁਰੂ ਨੇ ਚਾਰ ਅੱਖਰਾਂ ਵਾਲਾ ਗੁਰ-ਮੰਤਰ ਵਾਹਿਗੁਰੂ ਬਖਸ਼ਿਆ ਹੈ। ਸਾਡਾ ਫਰਜ਼ ਹੈ, ਅਸੀਂ ਗੁਰ-ਮੰਤਰ 'ਵਾਹਿਗੁਰੂ' ਦਾ ਰਟਨ ਕਰੀ ਚਲੀਏ, ਸਤਿਗੁਰ ਆਪੇ ਸਹਾਈ, ਅਗਵਾਈ ਕਰਨਗੇ ਤੇ ਸਫਲਤਾ ਬਖਸ਼ਣਗੇ । ਗੁਰ-ਮੰਤਰ ਜਾਂ ਸ਼ਬਦ ਵਿਚ ਗੁਰੂ ਆਪ ਗੁਪਤ ਰੂਪ ਵਿਚ ਰਵਿਆ ਹੋਇਆ ਹੈ। ਸਬਦ ਮਹਿ ਸਤਿਗੁਰੁ ਸਤਿਗੁਰ ਮਹਿ ਸਬਦੁ ਹੈ। ਇਸ ਲਈ ਗੁਰ-ਮੰਤਰ, ਗੁਰੂ ਦੇ ਪ੍ਰਕਾਸ਼-ਰੂਪ ਦੀ ਹੋਂਦ ਦਾ ਪ੍ਰਤੀਕ ਹੈ। ਉਦਾਹਰਣ ਵਜੋਂ ਮਾਂ ਦੇ ਬੱਚੇ ਮੋਹਨ ਦੀ ਸਾਰੀ 'ਹੱਦ' ਯਾ ਹਸਤੀ ਸਣੇ ਉਸ ਦੇ ਗੁਣ ਔਗੁਣਾਂ ਦੇ ਅੱਖਰ 'ਮੋਹਨ' ਵਿਚ ਸਮਾਈ ਹੋਈ ਹੈ। ਪਰ ਮੋਹਨ ਦੀ ਹਸਤੀ ਉਸਦੇ ਨਾਮ ਮੋਹਨ ਤੇ ਨਿਰਭਰ ਨਹੀਂ ਹੈ, ਸਗੋਂ ਮਨ ਅੱਖਰ ਤੋਂ ਬਗ਼ੈਰ ਵੀ ਉਸਦੀ ਅੱਡਰੀ ਹੋਂਦ ਕਾਇਮ ਹੈ। ਪਰ ਫਿਰ ਵੀ 'ਮੋਹਨ' ਅਖਰ ਉਸਦੀ ਸਮੁਚੀ ਹੋਂਦ ਦਾ ਪ੍ਰਤੀਕ ਹੈ। ਇਸ ਲਈ ਸਿਰਫ਼ ਕਿਸੇ ਅੱਖਰਾਂ ਵਾਲਾ ਮਨ-ਕਲਪਿਤ ਮੰਤਰ, ਸੁਣਿਆ, ਪੜਿਆ, ਦਬਿਆ ਹੋਇਆ ਮੰਤਰ ਮੰਤਰ ਤਾਂ ਹੋ ਸਕਦਾ ਹੈ, ਪਰ ਗੁਰੂ-

ਮੰਤਰ ਨਹੀਂ ਅਖਵਾ ਸਕਦਾ। ਐਸੇ ਮਨੋ-ਕਲਪਿਤ ਮੰਤਰ ਦੇ ਪਿਛੇ 'ਗੁਰੂ ਦੀ ਅਗਵਾਈ, ਮਿਹਰ, ਅਸੀਸਾਂ ਤੇ ਸ਼ਕਤੀ ਕੰਮ ਨਹੀਂ ਕਰਦੀ। ਇਸ ਲਈ ਐਸੇ ਆਪਣੇ ਮਨ-ਕਲਪਿਤ ਯਾ ਕਿਸੇ ਦਸੇ ਦਸਾਏ ਮੰਤਰ ਦਾ ਰਟਨ ਗੁਰੂ ਦੀ ਸ਼ਕਤੀ ਤੋਂ ਵਾਂਜਾ ਰਹਿੰਦਾ ਹੈ, ਤੇ ਸਫਲ ਨਹੀਂ ਹੋ ਸਕਦਾ। 'ਗੁਰ-ਮੰਤਰ' ਤਾਂ ਉਹੀ ਹੈ ਜੋ 'ਗੁਰ' ਪੰਜਾਂ ਪਿਆਰਿਆਂ ਦੁਆਰਾ ਆਪ ਆਪਣੀ ਮੇਹਰ ਨਾਲ ਬਖਸ਼ੇ। ਉਸੇ ਗੁਰ-ਮੰਤਰ ਦੇ ਰਟਨ, ਜਪਣ, ਅਭਿਆਸ ਕਮਾਈ ਨਾਲ ਕਲਿਆਨ ਹੋ ਸਕਦੀ ਹੈ।

ਜਿਸ ਤਰ੍ਹਾਂ ਮਾਂ ਆਪਣੇ ਬੱਚੇ ਨੂੰ ਪਿਆਰ ਨਾਲ ਯਾਦ ਕਰ ਕੇ 'ਮੋਹਨ' ਕਹਿੰਦੀ ਹੈ ਤਾਂ ਉਸ ਦੇ 'ਪਿਆਰ ਤੇ ਸ਼ੁਭ ਇਛਾਵਾਂ ਦੇ ਵਲਵਲਿਆਂ ਦੇ ਰੰਗ ਮੋਹਨ ਦੇ ਹਿਰਦੇ ਦੇ ਕਿੰਗਰਿਆਂ ਨੂੰ ਦੂਰ ਦੁਰਾਡੇ ਜਾ ਟੁੰਬਦੀਆਂ ਹਨ, ਤਾਂ ਉਸ ਨੂੰ ਮਾਂ ਦਾ ਪਿਆਰ ਤੇ ਅਸੀਸਾਂ ਪਹੁੰਚ ਜਾਂਦੀਆਂ ਹਨ। ਉਹ ਵੀ ਉਨ੍ਹਾਂ ਵਲਵਲਿਆਂ ਦਾ ਜੁਆਬ ਉਹੋ ਜਿਹੀ ਤਰੰਗਾਂ ਦੁਆਰਾਂ ਮਾਂ ਨੂੰ ਵਾਪਸ ਭੇਜਦਾ ਹੈ। ਇਸ ਤਰ੍ਹਾਂ ਦੋਹਾਂ ਧਿਰਾਂ ਵਿਚ 'ਪਿਆਰ ਤੇ ਅਸੀਸਾਂ' ਦੇ ਸੰਦੇ ਹੁੰਦੇ ਹਨ। ਇਹ ਵਲਵਲੇ ਜਿਤਨੇ ਤੀਖਣ ਹੋਣਗੇ ਉਤਨਾ ਹੀ ਡੂੰਘਾ ਅਸਰ ਦੂਸਰੇ ਪਾਸੇ ਹੁੰਦਾ ਹੈ, ਤੇ ਉਤਨੀ ਹੀ ਤੀਖਣਤਾ ਵਿਚ ਜੁਆਬ ਮਿਲਦਾ ਹੈ। ਜਿਸ ਤਰ੍ਹਾਂ ਕਿ ਜਦੋਂ ਬੇਬੇ ਨਾਨਕੀ ਨੇ ਗੁਰੂ ਨਾਨਕ ਨੂੰ ਬੜੀ ਤੀਖਣਤਾ ਨਾਲ ਪਿਆਰ ਵਿਚ ਆ ਕੇ ਯਾਦ ਕੀਤਾ ਤਾਂ ਗੁਰੂ ਸਾਹਿਬ ਮੱਕੇ ਤੋਂ ਆ ਹਾਜ਼ਰ ਹੋਏ। ਇਸੇ ਤਰ੍ਹਾਂ ਜਦ ਅਸੀਂ ਪਿਆਰ ਤੇ ਸ਼ਰਧਾ ਨਾਲ ਵਾਹਿਗੁਰੂ ਜਪਦੇ ਹਾਂ ਤੇ ਗੁਰੂ ਦੇ ਹਿਰਦੇ ਦੀਆਂ ਕੰਗਰੀਆਂ ਨੂੰ ਟੁੰਬਦੇ ਹਾਂ, ਤੇ ਗੁਰੂ ਵੀ ਉਸ ਪਿਆਰ ਦਾ ਜੁਆਬ ਉਸੇ (wave length) ਤੇ (intensity) ਵਿਚ ਪ੍ਰੇਮ ਵਿਚ ਆ ਕੇ ਮਿਹਰਾਂ ਤੇ ਬਖਸ਼ਿਸ਼ਾਂ ਸਾਨੂੰ ਭੇਜਦਾ ਹੈ। ਇਸ ਲਈ 'ਗੁਰ-ਮੰਤਰ' ਦੇ ਜਾਪ ਨਾਲ ਸਾਨੂੰ ਗੁਰੂ ਕੋਲੋਂ ਸਿਰਫ ਪਿਆਰ ਤੇ ਅਸੀਸਾਂ ਹੀ ਨਹੀਂ ਮਿਲਦੀਆਂ, ਬਲਕਿ ਸਾਡੇ ਹਿਰਦੇ ਵਿਚ, ਗੁਰੂ ਦੇ ਇਸ ਪਿਆਰ ਤੇ ਅਸੀਸਾਂ ਸਦਕਾ, ਗੁਰੂ ਦੇ ਸਾਰੇ ਗੁਣ, ਦਇਆ, ਖਿਮਾ, ਪ੍ਰੇਮ, ਖੁਸ਼ੀ, ਰਸ, ਚਾਉ ਆਦਿ ਸਹਿਜ ਸੁਭਾ ਪ੍ਰਵੇਸ਼ ਹੁੰਦੇ ਜਾਂਦੇ ਹਨ। ਫੇਰ ਵਾਹਿਗੁਰੂ ਗੁਰੂ-ਮੰਤਰ ਪਿਆਰਾ ਤੇ ਰਸਦਾਇਕ ਲਗਦਾ ਹੈ। ਸਾਡੇ ਤਨ, ਮਨ, ਰੋਮ-ਰੋਮ, ਅੰਤਸ਼ਕਰਨ ਵਿਚ ਗੁਰਮੰਤਰ ਡੂੰਘਾ, ਧੱਸ, ਰੱਸ, ਵੱਸ ਜਾਂਦਾ ਹੈ ਤੇ ਗੁਰ-ਮੰਤਰ ਰੂਪ ਹੀ ਹੋ ਜਾਈਦਾ ਹੈ। 'ਕਬੀਰ ਤੂੰ ਤੂੰ ਕਰਤਾ ਤੂ ਭਇਆ, ਮੁਝ ਮਹਿ ਰਹਾ ਨ ਹੂੰ॥' (ਅੰਗ - ੧੩੭੫) ਵਾਲੀ ਆਤਮਕ ਖੇਲ ਵਰਤ ਜਾਂਦੀ ਹੈ। ਗੁਰ-ਮੰਤਰ ਦੇ ਅਟੁੱਟ ਅਭਿਆਸ ਨਾਲ ਗੋਬਿੰਦ ਦਾ ਪ੍ਰਕਾਸ਼ ਜਹੂਰ ਹੁੰਦਾ ਹੈ 'ਗੁਰ-ਸਬਦੀ ਗੋਬਿਦੁ ਗਜਿਆ॥' (ਅੰਗ - ੧੩੧੫)

ਇਕ ਹੋਰ ਭੁਲੇਖਾ ਪ੍ਰਚਲਤ ਹੈ ਕਿ ਸ਼ਬਦ ਜਾਂ ਮੰਤਰ ਨਾਲ ਅੱਗੇ ਪਿੱਛੇ ਕੋਈ ਵਿਸ਼ੇਸ਼ਣ ਲਗਾਏ ਜਾਂਦੇ ਹਨ, ਜਿਵੇਂ 'ਸ੍ਰੀ-ਵਾਹਿਗੁਰੂ 'ਸਤਿਨਾਮ-ਵਾਹਿਗੁਰੂ' '੧ਓ ਵਾਹਿਗੁਰੂ' ਆਦਿ ਕਈ ਬਹੁ-ਅੱਖਰਾਂ, ਲਫ਼ਜ਼ਾਂ ਵਲ ਮੰਤਰ ਦਾ ਅਭਿਆਸ ਕਰਦੇ ਹਨ, ਜਿਸ ਤਰ੍ਹਾਂ ਰਾਧਾ-ਕ੍ਰਿਸ਼ਨ, ਸੀਤਾਰਾਮ, ਓਮ-ਸ਼ਿਵਾ ਜੈ-ਗੋਬਿੰਦ, ਜੈ-ਗੁਪਾਲ, ਹਰੇ-ਕ੍ਰਿਸ਼ਨ ਆਦਿ, ਬਲਕਿ ਕੁਝ ਮਤਾਂ ਵਿਚ ਪੰਚ ਸ਼ਬਦਾਂ ਵਾਲਾ ਮੰਤਰ ਪ੍ਰਚਲਤ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹ 'ਗੁਰ ਮੰਤਰ' ਅੱਖਰ ਹੀ ਨਹੀਂ ਹੁੰਦਾ, ਜਿਵੇਂ ਕਿ ਪਿਛੇ ਦੱਸਿਆ ਜਾ ਚੁੱਕਿਆ ਹੈ ਕਿ ਇਸ ਦੇ ਪਿਛੇ ਸੂਖਮ ਰੂਪ ਵਿਚ ਗੁਰੂ ਦੀ ਆਪਣੀ 'ਹੋਂਦ', 'ਆਪਾ' 'ਰੂਹ' 'ਜੋਤ' ਛੁਪੀ ਹੁੰਦੀ ਹੈ। ਸ਼ਰਧਾ ਭਾਵਨੀ, ਪਿਆਰ ਨਾਲ ਗੁਰ-ਮੰਤਰ ਦਾ ਅਟੁੱਟ ਅਭਿਆਸ ਕਰਦਿਆਂ ਕਰਦਿਆਂ ਸਹਿਜੇ ਹੀ ਇਸ ਗੁਰ-ਮੰਤਰ 'ਵਾਹਿਗੁਰੂ' ਦੇ ਅੱਖਰ ਘੁਲਦੇ ਘੁਲਦੇ, ਖਿਰਦੇ ਖਿਰਦੇ, ਸੂਖਮ ਰੂਪ ਵਿਚ ਬਦਲ ਕੇ, 'ਪ੍ਰਕਾਸ਼ ਰੂਪ' 'ਤੱਤ ਰੂਪ' 'ਰੱਸ ਰੂਪ' 'ਪ੍ਰੇਮ ਰੂਪ' 'ਜੀਵਨ' ਹੋ ਹੋ ਕੇ ਇਲਾਹੀ ਤਰੰਗਾਂ 'ਰੁਣਝੁਣ' 'ਅਨਹਦ ਝਣਕਾਰ' 'ਇਲਾਹੀ ਨਾਦ' ਵਿਚ ਬਦਲ ਜਾਂਦਾ ਹੈ। ਕਬੀਰ ਜੀ ਨੇ ਠੀਕ ਕਿਹਾ ਹੈ 'ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ' (ਅੰਗ - ੩੪੦) ਤੇ 'ਗੁਰ ਸਬਦੀ ਗੋਬਿਦੁ ਗਜਿਆ' (ਅੰਗ - ੧੩੧੫) ਹੋ ਜਾਂਦਾ ਹੈ।

ਅਭਿਆਸ ਕਰਨ ਲਈ ਇਕ-ਅਖਰੀ ਮੰਤਰ, ਜਾਂ ਇਕ ਲਫਜ਼ ਵਾਲਾ ਮੰਤਰ ਸੌਖਾ ਜਪਿਆ ਜਾਂਦਾ ਹੈ, ਤੇ ਇਕ-ਅਖਰੀ ਮੰਤਰ ਇਕਾਗਰਤਾ ਵਿਚ ਸਹਾਈ ਹੁੰਦਾ ਹੈ। ਇਕ ਲਫਜ਼ ਜਾਂ ਮੰਤਰ ਹੀ 'ਘੁਲ' 'ਖਿਰ' ਕੇ ਸੂਖਮ ਰੂਪ ਧਾਰ ਸਕਦਾ ਹੈ। ਬਹੁਤੇ ਲਫਜ਼ਾਂ ਵਾਲੇ ਮੰਤਰ ਦਾ ਖਿਰਨਾ ਯਾ ਘੁਲਣਾ ਅਸੰਭਵ ਹੈ। ਕਿਉਂਕਿ ਰੱਬ ਇਕ ਹੈ, ਉਸਦੀ ਸੂਖਮ ਹਸਤੀ ਵੀ ਇਕ ਹੈ, ਉਸਦੀ ਧੁਨੀ ਵੀ ਇਕ ਹੈ, ਉਸਦੀ 'ਜੋਤ' ਵੀ ਇਕ ਹੈ, ਤੇ ਉਸਦਾ ''ਪ੍ਰਕਾਸ਼ ਰੂਪ' ਵੀ ਇਕੋ ਹੈ, ਸੋ ਉਸਦਾ ਮੰਤਰ ਵੀ ਇਕ ਅੱਖਰ ਵਾਲਾ ਹੋ ਸਕਦਾ ਹੈ, ਤੇ ਉਸੇ ਇਕ-ਅਖਰੀ ਗੁਰ-ਮੰਤਰ ਦਾ ਅਭਿਆਸ ਹੀ ਸਹਿਜੇ ਹੀ ਸਫਲ ਹੋ ਸਕਦਾ ਹੈ। ਗੁਰਬਾਣੀ ਵਿਚ ਇਸ ਗੱਲ ਦੀ ਇਉਂ ਪ੍ਰੋੜ੍ਹਤਾ ਕੀਤੀ ਗਈ ਹੈ -

***ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥੩॥੫●॥ ਅੰਗ - ੭੪੭***

***(ਬਾਕੀ ਪੰਨਾ 25 'ਤੇ)***

# ਹਰਿ ਕੀਰਤਨ

*[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]*

*ਵਡਭਾਗੀ ਹਰਿ ਕੀਰਤਨੁ ਗਾਈਐ॥*
*ਪਾਰਬ੍ਰਹਮ ਤੂੰ ਦੇਹਿ ਤ ਪਾਈਐ॥੧ ॥ਰਹਾਉ॥*
*ਅੰਗ - ੧੯੬*

## ਹਰਿ-ਕੀਰਤਨ ਕੀ ਹੈ?

ਹਰਿ-ਕੀਰਤਨ ਗਾਵਣ ਦੀ ਐਸੀ ਅਮੋਲਕ ਦਾਤਿ ਹੈ ਜੋ ਕੇਵਲ ਤਿਨ੍ਹਾਂ ਵਡਭਾਗੀ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਨੂੰ ਆਪਿ ਤੁਠ ਕੇ ਗੁਰੂ ਕਰਤਾਰ ਦੇਵੇ। ਸਤਿਗੁਰੂ ਨਾਨਕ ਸੱਚੇ ਪਾਤਸ਼ਾਹ ਅਸਾਂ ਕਲਜੁਗੀ ਜੀਵਾਂ ਤੇ ਤੁੱਠਾ ਤਾਂ ਇਹ ਰੱਬੀ ਦਾਤਿ ਕੀਰਤਨ ਦੀ ਅਸਾਨੂੰ ਪ੍ਰਾਪਤ ਹੋਈ ਪਰ ਅਸਾਥੋਂ ਇਹ ਸੰਭਾਲੀ ਨਾ ਗਈ।

ਹਰਿ ਕੀਰਤਨ ਇਕ ਰੱਬੀ ਦਾਤਿ ਹੈ, ਜੋ ਧੁਰ ਕਰਤਾਰ ਦੇ ਦਰਬਾਰੋਂ ਕਲਜੁਗੀ ਜੀਵਾਂ ਦੇ ਉਧਾਰ ਲਈ ਸਤਿਗੁਰੂ ਨਾਨਕ ਸਾਹਿਬ ਜੀ ਦੁਆਰਾ ਇਸ ਸੰਸਾਰ ਵਿਖੇ ਆਣ ਕੇ ਪ੍ਰਵੇਸ਼ ਹੋਈ। ਸਤਿਗੁਰ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੁਆਰਾ ਧੁਰੋਂ ਆਈ ਸੱਚੀ ਦਾਤਿ ਗੁਰਬਾਣੀ ਅਰਥਾਤ ਧੁਰ ਦੀ ਬਾਣੀ ਹੈ। ਤਾਂਤੇ ਕੇਵਲ ਗੁਰਬਾਣੀ ਨੂੰ ਗਾਵਣਾ ਹੀ ਹਰਿ ਕੀਰਤਨ ਹੈ। ਗੁਰੂ ਸਾਹਿਬਾਨ ਦੁਆਰਾ ਧੁਰੋਂ ਅਵਤਰੀ ਬਾਣੀ, ਅਮੋਘ ਬਾਣ ਮਈ ਅੰਮ੍ਰਿਤ ਬਾਣੀ ਹੈ, ਜਿਸ ਦੇ ਗਾਵਣ ਸੁਣਨ ਕਰਿ ਹੀ ਗਾਵਣ ਸੁਣਹਾਰੇ ਪ੍ਰੇਮੀ ਜਨਾਂ ਦੀਆਂ ਬਿਰਤੀਆਂ ਉਪਰ ਪਾਰਸ-ਕਲਾ ਵਰਤ ਜਾਂਦੀ ਹੈ। ਤਾਂਤੇ ਗੁਰਬਾਣੀ ਦਾ ਕੀਰਤਨ ਹੀ ਹਰਿ-ਕੀਰਤਨ ਹੈ। ਯਥਾ ਗੁਰਵਾਕ -

*ਪਾਰਬ੍ਰਹਮੁ ਹੋਆ ਸਹਾਈ*
*ਕਥਾ ਕੀਰਤਨੁ ਸੁਖਦਾਈ॥*
*ਗੁਰ ਪੂਰੇ ਕੀ ਬਾਣੀ ਜਪਿ*
*ਅਨਦੁ ਕਰਹੁ ਨਿਤ ਪ੍ਰਾਣੀ॥ ਅੰਗ - ੬੧੬*

ਤਥਾ -

*ਗੁਰ ਪੂਰੇ ਕੀ ਬਾਣੀ॥*
*ਪਾਰਬ੍ਰਹਮ ਮਨਿ ਭਾਣੀ॥*
*ਨਾਨਕ ਦਾਸਿ ਵਖਾਣੀ॥*
*ਨਿਰਮਲ ਅਕਥ ਕਹਾਣੀ॥ ਅੰਗ - ੬੨੯*

ਪੁਨਾ -

*ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ*
*ਹਰਿ ਕੀਰਤਿ ਹਰਿ ਮਨਿ ਧਾਰੇ ਰਾਮ॥ ਅੰਗ - ੫੩੯*

ਤਥਾ -

*ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ*
*ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥*
*ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ*
*ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥*
*ਅੰਗ - ੫੪੦*

## ਹਰਿ-ਕੀਰਤਨ ਦਾ ਅਸਰ ਤੇ ਫਲ

ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੇ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ ਮਾਤਰ ਭੀ ਪਾਰਸ ਰੂਪੀ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤਤਕਾਲ ਹੀ ਅਗਾਧ ਪਾਰਸ-ਕਲਾ ਵਰਤਾਉਣ ਨੂੰ ਸਮਰੱਥ ਹੈ। ਅਸੀਂ ਇਸ ਪਾਰਸ ਨੂੰ ਛਿਨ ਭੰਗਰ ਮਾਤਰ ਹੀ ਪਰਸਦੇ ਹਾਂ। ਗੁਰਬਾਣੀ ਦੇ ਪਾਠ ਅਤੇ ਕੀਰਤਨ ਨੱਮਿਤ ਦਿਨ ਰਾਤ ਵਿਚੋਂ ਸਮੇਂ ਦਾ ਦਸੌਂਧ (ਦਸਵਾਂ ਹਿੱਸਾ) ਭੀ ਅਰਪਨ ਨਹੀਂ ਕਰਦੇ। ਉਹ ਭੀ ਜੋ ਛਿਨਭੰਗਰੀ ਸਮਾਂ ਇਤ ਵਲ ਅਰਪਨ ਕਰਦੇ ਹਾਂ ਸੋ ਬਧੇ ਚੱਟੀ ਹੀ ਭਰਦੇ ਹਾਂ। ਜਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਨੂੰ-

*ਜੈਸੇ ਗੁਰਿ ਉਪਦੇਸਿਆ*
*ਮੈ ਤੈਸੋ ਕਹਿਆ ਪੁਕਾਰਿ॥*
*ਨਾਨਕੁ ਕਹੈ ਸੁਨਿ ਰੇ ਮਨਾ*
*ਕਰਿ ਕੀਰਤਨੁ ਹੋਇ ਉਧਾਰੁ॥ ਅੰਗ - ੨੧੪*

ਰੂਪੀ ਗੁਰਵਾਕ ਉਤੇ ਸੱਚੇ ਸਿੱਖਾਂ ਵਾਲੀ ਸ਼ਰਧਾ-ਭਾਉ ਭਾਵਨੀ ਹੈ, ਓਹ ਕੀਰਤਨ ਨੂੰ ਉਧਾਰ ਦਾ ਮਿਆਰ ਸਮਝ ਕੇ ਕਰਦੇ ਹਨ। ਉਧਾਰ ਹਿੱਤ ਕੀਰਤਨ

ਕਰਨਹਾਰਿਆਂ ਨੂੰ ਕੀਰਤਨ ਇਕ ਆਧਾਰ ਅਤੇ ਅਹਾਰ ਰੂਪ ਹੋ ਜਾਂਦਾ ਹੈ। ਉਥੇ ਕੀਰਤਨ ਨਮਿੱਤ ਸਮੇਂ ਦੀ ਥੁੜਾਂ ਵਾਲੀ ਬੰਧਨਾ ਨਹੀਂ। ਬੰਧਨ ਓਥੇ ਸਭ ਟੁੱਟ ਜਾਂਦੇ ਹਨ। ਕਲਿਆਨ-ਅਭਿਲਾਖੀਆਂ ਦੀ ਮੁੱਖ ਕਾਰ ਹੀ ਕੀਰਤਨ ਬਣ ਆਉਂਦੀ ਹੈ। ਓਹ ਖੁਸ਼ੀ ਸੇਤੀ ਇਸ ਕੀਰਤਨ ਰੂਪੀ ਕਾਰ ਨੂੰ ਸੰਵਾਰਦੇ ਹਨ, ਬਧੇ ਚੱਟੀ ਨਹੀਂ ਭਰਦੇ।

ਗੁਰਬਾਣੀ ਦੇ ਰੱਬੀ ਕੀਰਤਨ ਵਿਚਿ ਅਕਹਿ ਰਸ ਹੈ। ਜਿਉਂ ਜਿਉਂ ਕੀਰਤਨ-ਕਮਾਈ ਵਧਦੀ ਹੈ, ਤਿਉਂ ਤਿਉਂ ਕੀਤਰਨ-ਕਲਾ-ਰਸ ਦਾ ਵਿਗਾਸ ਵੀ ਵਧਦਾ ਜਾਂਦਾ ਹੈ। ਉਹ ਕੀਰਤਨ ਕਰਕੇ ਅਕਦੇ ਕਦੇ ਨਹੀਂ। ਅੱਠੇ ਪਹਿਰ ਦਿਨ ਰਾਤ ਭੀ ਉਹ ਕੀਰਤਨ ਕਰਦੇ ਰਹਿਣ ਤਾਂ ਵੀ ਠੱਲ੍ਹ ਨਹੀਂ ਪੈਂਦੀ। ਕੀਰਤਨ-ਪਾਰਸ-ਕਲਾ-ਵਿਗਾਸ ਉਹਨਾਂ ਤੋਂ ਆਪੋਂ ਹੀ ਕੀਰਤਨ ਕਰਾਉਂਦਾ ਹੈ। ਉਹਨਾਂ ਨੂੰ ਕੀਰਤਨ ਦਾ ਰੱਜ ਹੀ ਨਹੀਂ ਆਉਂਦਾ। ਕੀਰਤਨ-ਆਹਾਰੀਆਂ ਦਾ ਅਹਾਰ ਹੀ ਜੁ ਕੀਰਤਨ ਹੋਇਆ। ਗੁਰਬਾਣੀ ਦਾ ਇਲਾਹੀ ਕੀਰਤਨ ਦਿਲ ਦਿਮਾਗ ਵਿਖੇ ਅੰਮ੍ਰਿਤ-ਕਲਾ ਵਰਤਾਉਂਦਾ ਹੈ। ਕੀਰਤਨ ਦਾ ਰਸੀਆ ਇਸ ਰਸ-ਵਿਗਾਸ ਪ੍ਰਾਇਣ ਹੋ ਕੇ ਹੀ ਇਸ ਬਿਧਿ ਕੀਰਤਨ-ਵਲਵਲੇ ਆਪਣੇ ਅੰਤਰਿ ਉਪਜੇ ਹਰਦਮ ਮਹਿਸੂਸ ਕਰਦਾ ਰਹਿੰਦਾ ਹੈ। ਯਥਾ ਗੁਰਵਾਕ -

*ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ॥*
*ਸਤਿਗੁਰਿ ਮੋਕਉ ਹਰਿ ਨਾਮੁ ਬਤਾਇਆ*
*ਹਉ ਹਰਿ ਬਿਨੁ ਖਿਨੁ ਪਲੁ*
*ਰਹਿ ਨ ਸਕਉ॥ਰਹਾਉ॥*
*ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ*
*ਹਉ ਹਰਿ ਬਿਨੁ ਰਹਿ ਨ ਸਕਉਹਉ ਇਕੁ ਖਿਨੁ॥*
*ਅੰਗ - ੩੬੯*

ਤਥਾ -

*ਕੀਰਤਨ ਨਾਮ ਸਿਮਰਤ ਰਹਉ*
*ਜਬ ਲਗੁ ਘਟਿ ਸਾਸੁ॥੧॥ਰਹਾਉ॥ ਅੰਗ - ੮੧੮*

ਪੁਨਾ -

*ਹਰਿ ਗੁਣ ਗਾਵੈ ਸਦਾ ਦਿਨੁ ਰਾਤੀ*
*ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ॥*
*ਅੰਗ - ੮੩੩*

ਤਾਂਹੀ ਤੇ ਕੀਰਤਨ ਦੇ ਰਸੀਏ ਗੁਰਮੁਖ ਸੰਤ ਸਿਖ ਭਗਤ ਜਨਾਂ ਦੇ ਸਤਸੰਗ-ਮੰਡਲ ਵਿਖੇ ਅਠੋ ਪਹਿਰ ਕੀਰਤਨ ਦਾ ਹੀ ਪ੍ਰਵਾਹ ਚਲਿਆ ਰਹਿੰਦਾ ਹੈ। ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ -

*ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ॥*
*ਕਥਾ ਕੀਰਤਨੁ ਆਨੰਦ ਮੰਗਲ ਧੁਨਿ*
*ਪੂਰਿ ਰਹੀ ਦਿਨਸੁ ਅਰੁ ਰਾਤਿ॥੧॥ ਅੰਗ - ੮੨●*

ਪੂਰੇ ਸਤਿਗੁਰੂ ਦੇ ਸਚਿਆਰ ਸਿੱਖ ਦਾ ਅਹਾਰ (ਭੋਜਨ ਚੂਰਾ) ਹੀ ਅਖੰਡ ਕੀਰਤਨ ਹੈ।

ਕੱਚੀ ਬਾਣੀ ਦਾ ਗਾਉਣਾ ਹਰਿ-ਕੀਰਤਨ ਨਹੀਂ - ਗੁਰੂ ਘਰ ਵਿਖੇ ਗੁਰਮਤਿ ਅਨੁਸਾਰ ਗੁਰਬਾਣੀ ਦਾ ਇਕ-ਰਸ ਅਖੰਡ ਅਤੇ ਨਿਰਬਾਣ ਕੀਰਤਨ ਹੀ ਪਰਵਾਣ ਹੈ। ਗੁਰਬਾਣੀ ਦੇ ਨਿਰੋਲ ਕੀਰਤਨ ਵਿਖੇ ਕੱਚੀ ਬਾਣੀ ਨੂੰ ਰਲਾਉਣਾ ਕੀਰਤਨ ਦੀ ਅਖੰਡਤਾ ਨੂੰ ਖੰਡਤ ਕਰਨਾ ਹੈ ਅਤੇ ਨਿਰਬਾਣ ਕੀਰਤਨ ਦੇ ਇਕ-ਰਸ ਆਨੰਦ ਅਹਿਲਾਦ ਨੂੰ ਬੇਰਸ ਕਰਨਾ ਹੈ।

*ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ*
*ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ॥ ਅੰਗ - ੪੯੪*

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਗੁਰਬਾਣੀ ਦਾ ਪਾਠ ਕੀਰਤਨ ਹੀ ਅੰਮ੍ਰਿਤ ਰਸਾਇਣ ਪਾਰਸ-ਰਸ ਉਪਜਾਇਕ ਹੈ।

## ਹਰਿ-ਕੀਰਤਨ ਗੁਰਬਾਣੀ ਦਾ ਹੀ ਹੋ ਸਕਦਾ ਹੈ

ਕੇਵਲ ਗੁਰਬਾਣੀ ਦੇ ਕੀਰਤਨ ਨੂੰ ਹੀ 'ਹਰਿ ਕੀਰਤਨ' ਦੀ ਪਦਵੀ ਪ੍ਰਾਪਤ ਹੈ। ਹਰੀ ਅਕਾਲ ਪੁਰਖ ਸਿਰਜਨਹਾਰ ਕਰਤਾਰ ਦੇ ਹਰਦਮ ਸਾਖਸ਼ਾਤ ਦੀਦਾਰ ਕਰਨਹਾਰੇ ਗੁਰੂ ਸਾਹਿਬਾਨ ਨੇ ਸਨਮੁਖ ਸਾਂਗੋ ਪਾਂਗ ਦਰਸ ਪਰਸ ਕੇ ਹੀ ਗੁਰਬਾਣੀ ਰੂਪੀ ਹਰਿ ਗੁਣ ਗਾਏ ਉਚਰੇ ਹਨ। ਤਾਂ ਹੀ ਇਹਨਾਂ ਗੁਣਾਂ ਦਾ ਗਾਣਾ ਹਰਿ - ਕੀਰਤਨ ਹੈ ਅਤੇ ਗੁਰਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦਾ ਹਰਿ ਗੁਣ ਗਾਵਣਾ ਭੀ ਸਦਾ ਹਰਿ - ਕੀਰਤਨ ਕਰਨਾ ਹੈ। ਗੁਰਭਗਤ-ਕਮਾਈ ਕੇਵਲ ਹਰਿ ਗੁਣ ਉਚਰੇ ਗਾਏ ਗੁਣਾਂ ਦੁਆਰਾ ਹੀ ਸੰਭਵ ਹੈ। ਸੁਣੇ ਸੁਣਾਏ ਗੋਬਿੰਦ ਗੁਣਾਂ ਨੂੰ ਕਲਪਤ ਕਥਨੀ ਦੁਆਰਾ ਗੁੰਫ ਕੇ ਗੀਤਾਂ ਦੀ ਸ਼ਕਲ ਦੇ ਦੇਣਾ, ਅਤੇ ਇਹਨਾਂ ਗੱਠ-ਤੁਪ ਕੀਤੇ ਗੀਤਾਂ ਨੂੰ ਗਾਵਣਾ ਹਰਗਿਜ਼ ਹਰਗਿਜ਼ ਹਰਿ-ਕੀਰਤਨ ਨਹੀਂ ਹੋ ਸਕਦਾ। 'ਅਣਡੀਠਾ ਕਿਛੁ ਕਹਣੁ ਨ ਜਾਇ॥ (ਅੰਗ - ੧੨੫੬) ਦੇ ਗੁਰਵਾਕ ਅਨੁਸਾਰ ਜਿਨ੍ਹਾਂ ਨੇ ਸ੍ਰੀ ਅਕਾਲ ਪੁਰਖ ਨਿਰੰਕਾਰ ਨੂੰ ਸਾਂਗੋ ਪਾਂਗ ਪੇਖਿਆ ਹੀ ਨਹੀਂ, ਉਹ ਉਸ ਦੀ ਸਿਫ਼ਤ ਸਾਲਾਹ ਹੀ ਕੀ ਕਰ ਸਕਦੇ ਹਨ?

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ....॥ ਅੰਗ - ੮੯੪*

ਦੇ ਗੁਰਵਾਕ ਅਨੁਸਾਰ ਸਾਲਾਹੀ ਦੀ ਗੁਰ-ਸਾਖੀ ਸਿਫਤ ਸਾਲਾਹ ਹੀ ਹਰਿ-ਜਸ ਅਥਵਾ ਹਰਿ-ਕੀਰਤਨ ਬਣ ਸਕਦੀ

ਹੈ। ਅਲਪੱਗ ਪੁਰਸ਼ਾਂ ਦੀ ਬਣਾਈ ਗੀਤਾਵਲੀ ਯਾ ਕਬਿੱਤਾਵਲੀ ਕਦਾਚਿਤ ਹਰਿ-ਕੀਰਤਨ ਦੇ ਲਵੇ ਨਹੀਂ ਲਗ ਸਕਦੀ। ਆਮ ਗੀਤਾਂ ਨੂੰ ਰਾਗਾਂ ਵਿੱਚ ਪਾ ਕੇ ਗਾਵਣਾ ਅਤੇ ਰਾਗ-ਵਿੱਦਿਆ ਘੋਖ ਘੋਖ ਕੇ ਗਾਵਣਾ ਸੰਗੀਤ ਤਾਂ ਹੋ ਸਕਦਾ ਹੈ, ਪਰ ਇਸ ਸੰਗੀਤ ਨੂੰ ਹਰਿ-ਕੀਰਤਨ ਆਖਣਾ ਮਹਾਂ ਭੁੱਲ ਹੈ।

***ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥***
***ਸਾਕਤ ਗੀਤ ਨਾਦ ਧੁਨਿ ਗਾਵਤ॥***
***ਬੋਲਤ ਬੋਲ ਅਜਾਏ॥੧॥ਰਹਾਉ॥ ਅੰਗ - ੮੨੦***

ਗੁਰਵਾਕ ਦੇ ਭਾਵ ਅਨੁਸਾਰ ਗੁਰ ਗਿਆਨ ਪ੍ਰਚੰਡਨੀ ਦੀਦਾਰ ਨਿਰੰਕਾਰ ਦੇ ਸਾਖਸ਼ਾਤਕਾਰੀ ਜਲਵੇ ਤੋਂ ਘੁਥੇ ਅੰਧਲੇ ਅਗਿਆਨੀ ਸਾਕਤ ਪੁਰਸ਼ਾਂ ਦੇ ਕਥੇ ਸੁਣੇ ਸੁਣਾਏ ਬਿਉਂਤੇ ਰਾਗ ਨਾਦ ਗੀਤਾਂ ਦਾ ਗਾਵਣਾ 'ਬੋਲਤ ਬੋਲ ਅਜਾਏ' ਵਾਲਾ ਹੀ ਕਸੌਂਦਾ ਹੈ। ਇਹਨਾਂ ਕਚ-ਪਿੱਚੇ ਬੋਲ-ਅਬੋਲੀ ਰਾਗ-ਨਾਦੀ ਗੀਤਾਂ ਨੂੰ ਸ੍ਰਵਣੀ ਸੁਣਨਾਂ ਸੁਣਾਵਣਾ ਮਹਾਂ ਮਨਮਤ ਹੈ। ਗੁਰਬਾਣੀ ਰੂਪੀ ਸੁਚੇ ਰਤਨਾਂ ਵਿਖੇ ਮਨ-ਘੜਤ ਟੱਪੇ ਬੋਲੀਆਂ ਨੂੰ ਜੋੜ ਕੇ ਰਲਾਵਣਾ ਭੀ ਹਰਿ-ਕੀਰਤਨ ਦੀ ਸੂਚੀ ਪਾਰਸ-ਕਲਾ ਨੂੰ ਕਲੰਕਤ ਕਰਨਾ ਹੈ। ਐਸੇ ਮਿਲਗੋਭੇ ਕੀਰਤਨ ਨਿਰਬਾਣ ਅਥਵਾ ਅਖੰਡ ਕੀਰਤਨ ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਦੀਆਂ ਦੋ ਚਾਰ ਤੁਕਾਂ ਦਾ ਆਸਰਾ ਲੈ ਕੇ ਮਨ-ਉਕਤ ਪੇ ਜੋੜ ਜੋੜਿ ਚਾਹੇ ਸਾਰੀ ਰਾਤ ਹੀ ਕਿਉਂ ਨਾ ਤਾਲ ਪੂਰਿ ਪੂਰਿ ਚਿਮਟੇ ਬਜਾਏ ਜਾਣ ਅਤੇ ਨਿਰੇ ਰਾਗ-ਨਾਦੀ ਗੀਤ ਗਾਇ ਗਾਇ ਭਾਵੇਂ ਕਿਤਨਾ ਹੀ ਸਿਰ ਕਿਉਂ ਨਾ ਖਪਾਇਆ ਜਾਵੇ, ਕਦਾਚਿਤ ਭੀ ਇਸ ਨੂੰ ਅਖੰਡ ਕੀਰਤਨ ਨਹੀਂ ਕਹਿ ਸਕਦੇ। ਕੀਰਤਨ ਦੀ ਨਿਰਖੰਡਤਾ ਅਤੇ ਨਿਰਬਾਣਤਾ ਤੇ ਵਲ ਨਿਰੋਲ ਗੁਰਬਾਣੀ ਦੇ ਇਕ-ਰਸ ਕੀਰਤਨ ਵਿਚ ਹੈ।

## ਹਰਿ ਕੀਰਤਨ ਦਾ ਸੁੱਚਾ ਸੰਗੀਤ

ਹਰਿ ਕੀਰਤਨ ਦਾ ਸੁੱਚਾ ਸੰਗੀਤ-ਵਿਗਾਸ ਨਾਮ ਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦੇ ਹਿਰਦੇ ਅੰਦਰ ਸੁਤੇ ਸਹਿਜ ਹੀ ਹੋਇ ਆਵੰਦਾ ਹੈ। ਸੁਰ ਤਾਲ ਧੁਨੀਆਂ ਓਥੇ ਆਪ ਪਿਛੇ ਲਗੀਆਂ ਫਿਰਦੀਆਂ ਹਨ। ਪੰਚਮਾਂ ਭੀ ਓਥੇ ਮਾਤ ਪੈ ਜਾਂਦੀਆਂ ਹਨ। ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਪ੍ਰਕਾਸ਼ ਰਿਦੰਤਰਿ ਉਦੇ ਹੋਇਆਂ ਕੀਰਤਨ-ਕਲਾ ਦੇ ਕਿਵਾੜ ਅਗੰਮੇਂ ਆ ਖੁਲ੍ਹਦੇ ਹਨ ਅਤੇ ਰਾਗ ਰਤਨ ਪਰਵਾਰ ਪਰੀਆਂ ਸ਼ਬਦ ਸਰੋਦ ਦੀ ਘੁੰਮਰ ਵਿਚ ਤਾਲ ਪੂਰਨ ਦੇ ਤਰਲੇ ਲੈਣਾ ਆਪਣਾ ਫ਼ਖਰ ਸਮਝਦੀਆਂ ਹਨ। ਰਾਗ ਤਾਲ ਸੁਰ ਦੀ ਸੋਧੀ ਸ਼ਬਦ-ਵਿਗਾਸੀਆਂ ਲਈ ਇਕ ਖੱਬੇ ਹੱਥ ਦੀ ਖੇਡ ਹੈ।

ਰਾਗ-ਸੁਰ-ਤਾਲੀਏ ਸੱਤੇ ਬਲਵੰਡ ਹੋਰੀ ਆਪਣੀ ਤਰਬ ਤਾਨਾਰੀਰੀ ਦੇ ਹੁਨਰ ਦੀ ਹੈਂਕੜ ਵਿਚਿ ਸਤਿਗੁਰੂ ਤੋਂ ਆਕੀ ਹੋ ਬੈਠੇ। ਸਤਿਗੁਰੂ ਨੇ ਓਹਨਾਂ ਦਾ ਹੰਕਾਰ ਦਮਨ ਕਰਨ ਲਈ ਆਪਣੇ ਸਿੱਧੇ ਸਾਦੇ ਸਿੱਖਾਂ ਹਿਤ ਸਰੋਦ-ਅਗੰਮੀ ਸਰੰਦੇ ਦਾ ਨਵ-ਤਰੰਗੀ ਸਾਜ ਈਜਾਦ ਕਰ ਦਿੱਤਾ ਅਤੇ ਆਪਣੇ ਇਕੋ ਨਦਰ-ਕਰੰਮੀ-ਕਟਾਕਸ਼ ਦੁਆਰਾ ਸ਼ਬਦ-ਜੋਤਿ-ਬਿਗਾਸੀ ਗੁਰਸਿਖਾਂ ਨੂੰ ਸਰੋਦ-ਸਰਦੀ-ਕੀਰਤਨ ਕਲਾ ਦਾ ਮਾਹਰ ਬਣਾ ਦਿੱਤਾ। ਗੁਰੂ ਤੇ ਬੇ-ਮੁਖ ਹੋਣ ਕਰ ਸੱਤੇ ਬਲਵੰਡ ਦਾ ਕੀਰਤਨ-ਕਮਾਲ ਖੁੱਸ ਗਿਆ ਨਿਰੇ ਰਾਗ ਹੀ ਰਾਗ ਦੀ ਥੋਥੀ ਤਾਨਾਰੀ ਰਹਿ ਗਈ। ਗੁਰ-ਫਿਟਕਾਰਿਆਂ ਦਾ ਰਾਗ-ਤਰਬ-ਤਰਾਨਾ ਭੀ ਫਿਟਕਾਰਿਆ ਗਿਆ। ਅਨਿਨ ਗੁਰਸਿਖ ਭਾਈ ਲੱਧੇ ਪਰਉਪਕਾਰੀ ਦੇ ਪਰਉਪਕਾਰ ਦੇ ਪਰਤਾਪ ਕਰ ਜਦੋਂ ਸੱਤੇ ਬਲਵੰਡ ਉਪਰ ਬਹੁੜਿ ਸਤਿਗੁਰੂ ਦੀ ਰਹਿਮਤ ਭਰੀ ਬਖਸ਼ਿਸ਼ ਹੋਈ ਤਦ ਸੱਤੇ ਬਲਵੰਡ ਦੀ ਕੀਰਤਨ-ਕਲਾ ਸੁਰਜੀਤ ਹੋਈ। ਰਾਗ ਦਾ ਕਮਾਲ ਭੀ ਆ ਸਫੂਰਨ ਹੋਇਆ।

ਨਿਰੰਕਾਰੀ ਗੁਰੂ ਬਾਬੇ ਦੀ ਅਗੰਮੀ ਸਾਜਨਾ ਦਾ ਰਬਾਬ ਨਿਰੰਕਾਰੀ ਕੀਰਤਨ ਦੇ ਸਰੋਦ-ਤਰਬਾਂ ਨਾਲ ਸੁੱਤੇ ਸੁਰ ਹੋਇਆ ਸ਼ਬਦ-ਖੂੰਗਾਂ ਦੀ ਪਾਰਸ-ਭੂਤੀ ਕਲਾ ਵਾਲਾ ਸਾਜ ਸੀ, ਜਿਸ ਨੂੰ ਪਰਸਿਆਂ ਹੀ ਵਾਹਿਗੁਰੂ ਨਿਰੰਕਾਰ ਦੇ ਇਲਾਹੀ ਨਾਦ ਦੀਆਂ ਕੀਰਤਨ-ਧੁਨੀਆਂ ਸਹਿਜ ਸੁਭਾਵ ਹੀ ਛਿੜ ਪੈਂਦੀਆਂ ਸਨ। ਮਰਦਾਨਾ ਵਿਚਾਰਾ ਥੋਥਾ ਚਣਾ ਹੀ ਸੀ। ਨਾ ਉਹ ਰਾਗ-ਵਿਦਿਆ ਦੀ ਕਿਸੇ ਟਕਸਾਲ ਵਿਚ ਪੜ੍ਹਿਆ ਹੋਇਆ, ਨਾ ਉਸ ਨੂੰ ਮਉਰੂਸੀ ਮੀਰਾਸੀਆਂ ਵਾਲੀ ਹੁਨਰ ਵਰਾਸਤ ਪ੍ਰਾਪਤ ਦਰ-ਹਕੀਕਤ ਮੀਰਾਸੀ ਜਾਤੀ ਅੰਦਰ ਮਰਦਾਨਾ ਜੀ ਤੋਂ ਪਹਿਲਾਂ ਭੰਡਪੁਣੇ ਤੋਂ ਬਿਨਾਂ ਰਾਗ ਮੁਹਾਰਤ ਦਾ ਹੁਨਰ ਹੀ ਮਾਅਦੂਮ (ਗੁੰਮ) ਸੀ। ਰਾਗ ਵਿਰਾਸਤ ਦੇ ਪਹਿਲੇ ਵਿਰਸੇਦਾਰ ਮਰਦਾਨਾ ਜੀ ਹੋਏ। ਕੁਛ ਕਾਲ ਰਾਗ ਵਿਰਾਸਤ ਦੀ ਪੀੜ੍ਹੀ ਮਰਦਾਨਾ ਜੀ ਦੀ ਸੰਤਾਨ ਵਿਖੇ ਚੱਲੀ ਅਤੇ ਖੂਬ ਚੱਲੀ, ਪਰ ਗੁਰੂ ਬਾਬੇ ਦੀ ਚਲਾਈ ਚੱਲੀ। ਸਾਦ-ਮੁਰਾਦਾ ਮਰਦਾਨਾ ਤਾਂ ਹੱਥ ਵਿੱਚ ਰਬਾਬ ਫੜਨਾ ਭੀ ਨਹੀਂ ਜਾਣਦਾ ਸੀ, ਰਾਗ ਅਲਾਪਣਾਂ ਤਾਂ ਕਿਤੇ ਰਿਹਾ। ਨਿਰੰਕਾਰੀ ਰਬਾਬ ਦੇਖਣ ਸਾਰ ਹੀ ਠਠੰਬਰ ਗਇਆ। ਗੁਰੂ ਬਾਬੇ ਨੇ ਨਦਰ ਮੇਹਰ ਦੀ ਕਿਸ਼ਮ-ਕਉਤਕੀ-ਕਲਾ ਵਰਤਾਈ, ਤਾਂ ਛਿਨ ਮਾਤਰ ਵਿਚ ਮੁਘਧ ਅਜਾਣ ਮਰਦਾਨਾ ਇਕ ਸੁਘੜ ਸੁਜਾਣ ਰਾਗ-ਪਰਬੀਨ ਅਗਮ-ਤੂੰਗ-ਸਰੋਦੀ-ਕੀਰਤਨੀਆ ਬਣ

***(ਬਾਕੀ ਪੰਨਾ 26 'ਤੇ)***

# ਗੁੱਤਾਂ ਨੂੰ ਛਡੋਂ ਭੈਣੋ ਪਹਿਰੋ ਦਸਤਾਰ ਨੂੰ

*(ਪ੍ਰੋ. ਹਰਵਿੰਦਰ ਕੌਰ ਜੀ, ਫਰੀਦਾਬਾਦ)*

ਸਾਬਤ ਹੀ ਸੂਰਤ ਭੈਣੋ, ਭਾਵੇ ਕਰਤਾਰ ਨੂੰ।
ਲਾਹੋ ਪਰਾਂਦਾ ਸਿਰ ਤੋਂ ਗੰਦੇ ਇਸ ਭਾਰ ਨੂੰ
ਗੁਤਾਂ ਨੂੰ ਛਡੋ ਭੈਣੋ, ਪਹਿਰੋ ਦਸਤਾਰ ਨੂੰ
ਗੁਤਾਂ ਨੂੰ ਛਡੋ ਭੈਣੋ, ਪਹਿਰੋ ਦਸਤਾਰ ਨੂੰ

ਸੀਸ ਤੇ ਕੇਸ, ਇਹ ਤਾ ਰੱਬੀ ਸੁਗਾਤ ਏ
ਦਸਤਾਰ ਦਾ ਫੈਸ਼ਨ ਭੈਣੋਂ ਬਖ਼ਸ਼ੀ ਇਹ ਦਾਤ ਏ
ਛਡੋ ਇਹ ਮੇਕ-ਅਪ ਕਰਨਾ ਭੈੜੇ, ਰਿਵਾਜ ਨੂੰ।
ਗੁਤਾਂ ਨੂੰ ਛਡੋ ਭੈਣੋ ਪਹਿਰੋ ਦਸਤਾਰ ਨੂੰ।

ਅੰਮ੍ਰਿਤ ਦਾ ਵੇਲਾ ਭੈਣੋ ਦਾਤਾਰ ਦੀ ਯਾਦ ਦਾ
ਨਿਤਨੇਮ ਤੇ ਸੰਗਤ ਕਰਨਾ ਰੋਜ਼ ਅਰਦਾਸ ਦਾ
ਗੁਰਮੁਖ ਦਾ ਸੰਗ ਮੰਗਣਾ ਮਨਮੁਖ ਦੇ ਤਿਆਗ ਦਾ।
ਪੜ੍ਹਨਾ ਗੁਰਮਤਿ ਦਾ ਪਾਠ, ਨਾਜੇ ਇਤਹਾਸ ਦਾ।
ਬਾਣੀ ਸਮਝ ਕੇ ਪੜ੍ਹਨੀ, ਦਸਣਾ ਸੰਸਾਰ ਨੂੰ।
ਗੁਤਾਂ ਨੂੰ ਛਡੋ ਭੈਣੋ ਪਹਿਰੋ ਦਸਤਾਰ ਨੂੰ
ਰਖਣਾ ਹੁਣ ਯਾਦ ਸਦਾ ਦਿਆਲੂ ਦਾਤਾਰ ਨੂੰ
ਗੁਤਾਂ ਨੂੰ ਛਡੋ ਭੈਣੋ ਪਹਿਰੋ ਦਸਤਾਰ ਨੂੰ

ਪੜਕੇ ਗੁਰਬਾਣੀ ਨੂੰ ਅਮਲ ਵਿਚ ਲਿਆਣਾ ਏ।
ਰਹਿਤ ਵਿਚ ਰਹਿ ਕੇ ਅਸੀਂ ਖਾਲਸਾ ਬਣ ਜਾਣਾ ਏ
ਗੁਰੂ ਦਾ ਹੁਕਮ ਮੰਨ ਕੇ ਸਤਿਗੁਰੂ ਨੂੰ ਪਾਣਾ ਏ
ਪੰਥ ਵਿਚ ਰਹਿ ਕੇ ਅਤੇ ਸਦਾ ਕਮਾਣਾ ਏ
ਭੁਲਨਾ ਨਹੀਂ ਰਹਿਰਾਸ ਤੇ ਸੋਹਿਲੇ ਦੇ ਪਾਠ ਨੂੰ
ਗੁਤਾਂ ਨੂੰ ਛਡੋ ਭੈਣੋ ਪਹਿਰੋ ਦਸਤਾਰ ਨੂੰ।

ਅੰਮ੍ਰਿਤਧਾਰੀ ਬਣ ਕੇ ਸਭ ਨੂੰ ਬਨਾਣਾ ਏ।
ਕਰਨਾ ਪ੍ਰਚਾਰ ਸਦਾ ਤੇ ਅੰਮ੍ਰਿਤ ਛਕਵਾਉਣਾ ਏ
ਹਰ ਇਕ ਗੁਰਦੁਆਰੇ ਅੰਦਰ ਗੁਰਮਤਿ ਪੜਾਨਾ ਏ।
ਹਰ ਘਰ 'ਚ ਬੇਨਤੀ ਕਰਨੀ ਸੰਗਤ ਵਿਚ ਜਾਣਾ ਏ।
ਛਡੋ ਨਾ ਸੇਵਾ ਸੱਚੀ ਹੁਕਮ ਕਮਾਣ ਨੂੰ
ਛਡੋ ਹੁਣ ਗੁਤਾਂ ਨੂੰ ਪਹਿਰੋ ਦਸਤਾਰ ਨੂੰ

ਗੁਰਮਤ ਦੀ ਸਿਖਿਆ ਲੈ ਲਉ ਗੁਤਾਂ ਦੀ ਲੋੜ ਨਹੀਂ
ਦਸਤਾਰ ਜੇ ਬੰਨੀ ਭੈਣੋ ਟੋਪ ਦੀ ਲੋੜ ਨਹੀਂ
ਸਕੂਟਰ ਜਾਂ ਮੋਪਿਡ ਚਲਾਣੀ ਹੁਣ ਪੁੱਛਣ ਦੀ ਲੋੜ ਨਹੀਂ।
ਕੋਠੀਆਂ ਕਾਰਾਂ ਦੀ ਅਜ ਤੁਹਾਨੂੰ ਕੋਈ ਲੋੜ ਨਹੀਂ।
ਦਾਤੇ ਤੋਂ ਤੋੜੇ ਦਾਤ ਜੋ ਛਡੋ ਉਸ-ਕਾਰ ਨੂੰ
ਛਡੋ ਹੁਣ ਗੁਤਾਂ ਭੈਣੋ ਪਹਿਰੋ ਦਸਤਾਰ ਨੂੰ

ਖਾਲਸਾ ਤੁਸੀਂ ਵੀ ਭੈਣੋ ਪੁਰਸ਼ ਜ਼ਰੂਰ ਨਹੀਂ।
ਰਹਿਤ ਜੋ ਸਿਖ ਨਹੀਂ ਰਖਦਾ ਗੁਰੂ ਨੂੰ ਮਨਜ਼ੂਰ ਨਹੀਂ।
ਰਹਿਣੀ ਵਿਚ ਸਿਖ ਜੋ ਰਹਿੰਦਾ ਗੁਰੂ ਨੂੰ ਭਾਂਦਾ ਏ।
ਅੰਮ੍ਰਿਤ ਦੀ ਦਾਤ ਲੈ-ਕੇ ਸਾਹਿਬ ਕਹਾਂਦਾ ਏ।
ਕਰਨੀ ਜੋ ਗੁਰੂ ਨੇ ਕੀਤੀ ਹੁਣ ਲੋੜ ਸਿਰਦਾਰ ਨੂੰ
ਗੁਤਾਂ ਨੂੰ ਛੱਡੋ ਭੈਣੋ ਪਹਿਰੋ ਦੁਸਤਾਰ ਨੂੰ
ਛਡੋ ਇਸ ਮੇਕ-ਅਪ ਕਰਨਾ ਭੈੜੇ ਰਿਵਾਜ ਨੂੰ
ਗੁਤਾਂ ਨੂੰ ਛਡੋ ਭੈਣੋ ਪਹਿਰੋ ਦਸਤਾਰ ਨੂੰ
ਗੁਤਾਂ ਨੂੰ ਛੱਡੋ ਭੈਣੋ ਪਹਿਰੋ ਦਸਤਾਰ

# ਭਲੇ ਅਮਰਦਾਸ ਗੁਣ ਤੇਰੇ

*[ਐਡਵੋਕੇਟ ਰਵਿੰਦਰ ਸਿੰਘ ਸੈਂਪਲਾ]*

ਨਿਤਾਣਿਆਂ ਦਾ ਤਾਨ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦਾ ਜਨਮ ਬਾਸਰਕੇ (ਅੰਮ੍ਰਿਤਸਰ) ਵਿਖੇ ੫ ਮਈ ੧੪੭੯ ਈਸਵੀ ਨੂੰ ਪਿਤਾ ਤੇਜ ਭਾਨ ਜੀ ਦੇ ਘਰ ਹੋਇਆ। ਆਪ ਜੀ ਦੇ ਮਾਤਾ ਜੀ ਦਾ ਨਾਮ ਲਖੋ ਜੀ ਸੀ। ਆਪ ਦੇ ਪਿਤਾ ਵਿਸ਼ਵਾਸ ਵਿਚ ਵੈਸ਼ਨਵ ਸਨ ਅਤੇ ਧਾਰਮਿਕ ਕਿਰਿਆਵਾਂ ਕਰਨ ਦੇ ਪੱਕੇ ਨੇਮੀ ਸਨ। ਉਹ ਖੇਤੀ-ਬਾੜੀ ਵੀ"ਕਰਦੇ ਸਨ ਅਤੇ ਦੁਕਾਨਦਾਰੀ ਵੀ।

ਆਪ ਦਾ ਵਿਆਹ ੨੨ ਨਵੰਬਰ ੧੫੦੨ ਵਿਚ ਪਿੰਡ ਸਨਖੜਾ ਦੇ ਦੇਵੀ ਚੰਦ ਦੀ ਲੜਕੀ ਮਾਤਾ ਮਨਸਾ ਦੇਵੀ ਜੀ ਨਾਲ ਹੋਇਆ। ਮਾਤਾ ਮਨਸਾ ਦੇਵੀ ਨੂੰ ਆਪ ਜੀ 'ਮਾਲੀ' ਜਾਂ 'ਰਾਮ ਕੀ' ਕਰਕੇ ਬੁਲਾਂਦੇ ਸਨ। ਇਸ ਲਈ ਇਤਿਹਾਸਕਾਰਾਂ ਨੇ ਦੋਵੇਂ ਨਾਮ 'ਮਾਲੀ' ਤੇ 'ਰਾਮੋ' ਲਿਖੇ ਹਨ।

ਆਪ ਦੇ ਘਰ ਦੋ ਲੜਕੇ ਮੋਹਨ ਅਤੇ ਮੋਹਰੀ ਜੀ ਅਤੇ ਦੋ ਲੜਕੀਆਂ ਦਾਨੀ (ਨਿਧਾਨੀ) ਅਤੇ ਭਾਨੀ ਜੀ ਸਨ। ਆਪ ਬੱਚਿਆਂ ਵਲੋਂ ਬੜੇ ਸੁਖੀ ਸਨ। ਬਾਬਾ ਮੋਹਨ ਜੀ ਤੋਂ ਗੁਰਬਾਣੀ ਦੀਆਂ ਸੈਂਚੀਆਂ ਗੁਰੂ ਅਰਜਨ ਦੇਵ ਜੀ ਨੇ ਪ੍ਰਾਪਤ ਕੀਤੀਆਂ। ਮੋਹਰੀ ਜੀ ਆਗਿਆਕਾਰ ਪੁੱਤਰ ਸਨ। ਸੇਵਾ ਅਤੇ ਸਹਿਨਸ਼ੀਲਤਾ ਦੀ ਮੂਰਤੀ ਬੀਬੀ ਭਾਨੀ ਜੀ ਦਾ ਵਿਆਹ ਜੇਠਾ ਜੀ (ਗੁਰੂ ਰਾਮਦਾਸ ਜੀ) ਨਾਲ ਹੋਇਆ।

ਸੰਨ ੧੫੨੧ ਵਿਚ ਜਦ ਆਪ ੪੨ ਵਰਿਆਂ ਦੇ ਸਨ, ਪਹਿਲੀ ਵਾਰੀ ਹਰਿਦੁਆਰ ਇਸ਼ਨਾਨ ਕਰਨ ਗਏ ਅਤੇ ਫਿਰ ੨੦ ਵਰ੍ਹੇ ਸੰਨ ੧੫੪੧ ਤਕ ਹਰ ਸਾਲ ਇਹ ਨੇਮ ਨਿਭਾਂਦੇ ਰਹੇ। ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਆਪ ਹਰ ਛੇ ਮਹੀਨੇ ਪਿੱਛੋਂ ਤੀਰਥ ਯਾਤਰਾ ਲਈ ਜਾਇਆ ਕਰਦੇ ਸਨ।

ਹਰ ਛੇਵੇਂ ਮਹੀਨੇ ਗੰਗਾ ਜਾਣ ਦਾ ਪ੍ਰਣ ਧਾਰਨ ਕਰਕੇ (ਗੁਰੂ) ਅਮਰਦਾਸ ਜੀ ਨੇ ਯਾਤਰਾ ਅਰੰਭ ਦਿੱਤੀ। ਚੇਤ ਨੂੰ ਟੁਰਦੇ ਤੇ ਵੈਸਾਖੀ ਵਾਲੇ ਦਿਨ ਇਸ਼ਨਾਨ ਕਰਕੇ ਵਾਪਸ ਮੁੜਦੇ। ਫਿਰ ਅੱਸੂ ਨੂੰ ਟੁਰ ਕੇ ਕੱਤਕ ਦੀ ਪੂਰਨਮਾਸ਼ੀ ਨੂੰ ਵਾਪਸ ਮੁੜਦੇ। ਟਿਕਾਣਾ ਰਿਸ਼ੀਕੇਸ ਰੱਖਦੇ। ਇਸ਼ਨਾਨ ਕਰਦੇ ਤੇ ਕਈ ਵਾਰੀ ਦੋ ਦੋ ਸੌ ਪ੍ਰਾਣੀਆਂ ਨੂੰ ਭੋਜਨ ਕਰਾਂਦੇ, ਲੋੜਵੰਦਾਂ ਨੂੰ ਬਸਤਰ ਵੰਡਦੇ।"

ਵੀਹਵੀਂ ਵਾਰ ਸੰਨ ੧੫੪੧ ਦੇ ਲਗਭਗ ਜਦ ਗੰਗਾ ਇਸ਼ਨਾਨ ਕਰਕੇ (ਗੁਰੂ) ਅਮਰਦਾਸ ਜੀ ਮੁੜ ਰਹੇ ਸਨ ਤਾਂ ਆਪ ਜੀ ਨੇ ਰਾਤ ਦਾ ਟਿਕਾਣਾ ਮੇਹੜੇ ਪਿੰਡ ਕੀਤਾ, ਜੋ ਖਡੂਰ ਸਾਹਿਬ ਤੋਂ ੧੬ ਕੁ ਮੀਲ ਤੇ ਸੀ। ਉਸ ਟਿਕਾਣੇ ਦੀ ਦੇਖ-ਰੇਖ ਇਕ ਦੁਰਗਾ ਨਾਮ ਦਾ ਪੰਡਤ ਕਰਦਾ ਸੀ, ਜੋ ਹਸਤ-ਰੇਖਾਵਾਂ ਦਾ ਚੰਗਾ ਜਾਣੂ ਸੀ। ਜਦੋਂ (ਗੁਰੂ) ਅਮਰਦਾਸ ਜੀ ਅਰਾਮ ਕਰ ਰਹੇ ਸਨ ਤਾਂ ਉਸ ਦੀ ਨਜ਼ਰ ਮਹਾਰਾਜ ਦੇ ਪੈਰਾਂ ਤੇ ਪਈ ਅਤੇ ਸੱਜੇ ਪੈਰ ਨੂੰ ਗਹੁ ਨਾਲ ਦੇਖਿਆ ਤਾਂ ਪਦਮ ਰੇਖਾ ਨਜ਼ਰ ਆਈ। ਪੰਡਤ ਜਾਣ ਗਿਆ ਕਿ ਇਹ ਕੋਈ ਚੱਕਰਵਰਤੀ ਰਾਜਾ ਜਾਂ ਰੱਬੀ-ਅਵਤਾਰ ਹੈ।

ਇਕ ਵਾਰ ਜਦੋਂ ਗੁਰੂ ਸਾਹਿਬ ਤੀਰਥ-ਯਾਤਰਾ ਕਰਕੇ ਵਾਪਸ ਮੁੜ ਰਹੇ ਸਨ ਤਾਂ ਉਹਨਾਂ ਨੂੰ ਇਕ ਸਾਧੂ ਨੇ ਗੁਰੂ ਧਾਰਨ ਨਾ ਕੀਤਾ ਹੋਣ ਕਾਰਨ 'ਨਿਗੁਰਾ' ਕਹਿ ਕੇ ਤ੍ਰਿਸਕਾਰਿਆ। ਸਾਧੂ ਨੇ ਕਿਹਾ ਕਿ ਗੁਰੂ ਧਾਰਨ ਕੀਤੇ ਬਿਨਾਂ ਆਪ ਦੇ ਸਭ ਯਤਨ ਨਿਸਫਲ ਜਾਣਗੇ। ਉਸ ਸਮੇਂ ਤੋਂ ਹੀ ਅਮਰਦਾਸ ਜੀ ਗੁਰੂ ਦੀ ਤਲਾਸ਼ ਵਿਚ ਸਨ।

ਉਹਨਾਂ ਦੇ ਆਪਣੇ ਘਰ ਵਿਚ ਹੀ ਇਕ ਦਿਨ ਰੱਬੀ-ਬਾਣੀ ਦੀਆਂ ਮੋਹ ਲੈਣ ਵਾਲੀਆਂ ਸੁਰਾਂ ਉਹਨਾਂ ਦੇ ਕੰਨੀਂ ਪਈਆਂ। ਇਹ ਬੀਬੀ ਅਮਰੋ ਸੀ, ਜੋ ਸਵੇਰ ਵੇਲੇ ਬਾਣੀ

ਪੜ੍ਹ ਰਹੀ ਸੀ। (ਗੁਰੂ) ਅਮਰਦਾਸ ਜੀ, ਬਾਣੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਉਤਸੁਕ ਹੋ ਗਏ। ਹੁਣ ਆਪ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਬੈਠੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਲੋਚਨਾ ਕਰਨ ਲੱਗੇ। ਕੁਝ ਦਿਨਾਂ ਬਾਅਦ ਉਹ ਬੀਬੀ ਅਮਰੋ ਨੂੰ ਨਾਲ ਲੈ ਖਡੂਰ ਸਾਹਿਬ ਪਹੁੰਚੇ। ਗੁਰੂ ਅੰਗਦ ਜੀ ਨੂੰ ਦੇਖਦੇ ਹੀ ਆਪ ਨੇ ਮਹਿਸੂਸ ਕੀਤਾ ਕਿ ਜਿਸ ਵਸਤੂ ਦੀ ਤਲਾਸ਼ ਵਿਚ ਆਪ ਭਟਕ ਰਹੇ ਸਨ, ਉਹ ਪ੍ਰਾਪਤ ਹੋ ਗਈ ਹੈ।

ਉਸ ਤੋਂ ਬਾਅਦ (ਗੁਰੂ) ਅਮਰਦਾਸ ਜੀ ਖਡੂਰ ਸਾਹਿਬ ਵਿਚ ਗੁਰੂ ਅੰਗਦ ਦੇਵ ਜੀ ਪਾਸ ਰਹੇ। ਜੇ ਕਿਧਰੇ ਗਏ ਵੀ ਤਾਂ ਗੁਰੂ ਆਗਿਆ ਨਾਲ। ਗੁਰੂ ਸਦਾ ਉਹਨਾਂ ਦੇ ਮਨ ਵਿਚ ਵਸਿਆ ਰਹਿੰਦਾ। ਲੰਗਰ ਦੀ ਸੇਵਾ ਅਤੇ ਅੰਮ੍ਰਿਤ ਵੇਲੇ ਪਾਣੀ ਦੀ ਗਾਗਰ ਲਿਆ ਕੇ ਗੁਰੂ ਸਾਹਿਬ ਨੂੰ ਇਸ਼ਨਾਨ ਕਰਾਉਣਾ ਉਹਨਾਂ ਦੇ ਨਿਤਨੇਮ ਵਿਚ ਸ਼ਾਮਲ ਸੀ।

ਮੀਂਹ ਅਤੇ ਝੱਖੜ ਵੀ ਉਹਨਾਂ ਦੀ ਨਿੱਤ ਦੀ ਸੇਵਾ ਵਿਚ ਵਿਘਨ ਨਾ ਬਣਦੇ। ਇਕ ਵਾਰੀ ਇਹੋ ਜਿਹੀ ਹਾਲਤ ਵਿਚ ਪਾਣੀ ਦੀ ਗਾਗਰ ਲਿਆਂਦਿਆਂ ਆਪ ਜੁਲਾਹੇ ਦੀ ਖੱਡੀ ਦੀ ਕਿੱਲੀ ਨਾਲ ਠੋਕਰ ਖਾ ਕੇ ਡਿੱਗ ਪਏ, ਪਰ ਗਾਗਰ ਨੂੰ ਡਿੱਗਣ ਨਾ ਦਿੱਤਾ। ਸੇਵਾ ਦੀ ਇਹ ਅਤਿ ਉੱਤਮ ਮਿਸਾਲ ਸੀ। ਆਪ ਦੀ ਘਾਲ ਸੇਵਾ ਤੇ ਪਰਸੰਨ ਹੋ ਕੇ ਭਰੇ ਦਰਬਾਰ ਵਿੱਚ ਗੁਰੂ ਅੰਗਦ ਸਾਹਿਬ ਨੇ ਆਪ ਦੀ ਵਡਿਆਈ ਕੀਤੀ।

(ਗੁਰੂ) ਅਮਰਦਾਸ ਜੀ ਦੀ ਲਗ ਭਗ ੧੧ ਸਾਲ ਨਿਸ਼ਕਾਮ ਸੇਵਾ ਦੇ ਇਵਜ਼ਾਨੇ ਵਜੋਂ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਬਖ਼ਸ਼ ਕੇ ਮਿਹਰ ਦੀ ਮੋਹਰ ਲਗਾ ਦਿੱਤੀ ਅਤੇ ਉਹਨਾਂ ਨੂੰ ਗੋਇੰਦਵਾਲ ਜਾਣ ਦਾ ਆਦੇਸ਼ ਕਰ ਦਿੱਤਾ।

ਗੁਰੂ ਅਮਰਦਾਸ ਜੀ ਨੇ ਇਸ ਸਮੇਂ ਦੌਰਾਨ ਜੋ ਵਿਸ਼ੇਸ਼"ਕੰਮ ਕੀਤੇ ਉਹ ਇਸ ਪ੍ਰਕਾਰ ਹਨ -

## (੧) ੨੨ ਮੰਜੀਆਂ ਦੀ ਸਥਾਪਨਾ

ਸਿੱਖੀ ਪ੍ਰਚਾਰ ਸਬੰਧੀ ਨਿਤਾ-ਪ੍ਰਤਿ ਦੇ ਪ੍ਰੋਗਰਾਮ ਅਤੇ ਇਸ ਨੂੰ ਜਥੇਬੰਦ ਕਰਨ ਲਈ ਗੁਰੂ ਜੀ ਨੇ ੨੨ ਪ੍ਰਬੰਧਕੀ ਕੇਂਦਰ ਬਣਾਏ ਜਿਹਨਾਂ ਨੂੰ ਮੰਜੀਆਂ ਆਖਿਆ ਜਾਂਦਾ ਹੈ। ਡਾ: ਗੋਕਲ ਚੰਦ ਨਾਰੰਗ ਅਨੁਸਾਰ ਇਕ ਨੇਕ ਅਤੇ ਪ੍ਰਭਾਵਸ਼ਾਲੀ ਸਿਖ ਨੂੰ ਮੁਖੀ ਨਿਯੁਕਤ ਕਰ ਦਿੱਤਾ ਜਾਂਦਾ ਸੀ। ਜੋ ਧਾਰਮਿਕ ਆਗੂ ਅਤੇ ਪ੍ਰਤਿਨਿਧ ਦੇ ਤੌਰ ਤੇ ਕੰਮ ਕਰਦਾ ਸੀ ਅਤੇ ਆਪਣੇ ਪਰਗਣੇ ਵਿੱਚ ਧਾਰਮਿਕ ਕੰਮ ਤੋਰਦਾ ਸੀ। ਇਹਨਾਂ ਕੇਂਦਰਾਂ ਦੇ ਮੁਖੀ ਗੁਰੂ ਨਮਿਤ ਇਕੱਠੀ ਹੋਈ ਭੇਟਾ ਨੂੰ ਵੀ ਗੁਰੂ ਦਰਬਾਰ ਵਿੱਚ ਪੁਚਾਂਦੇ ਸਨ ਜਿਸ ਨੂੰ ਕਿ ਲੰਗਰ ਲਈ, ਇਮਾਰਤਾਂ ਦੀ ਉਸਾਰੀ ਲਈ ਅਤੇ ਗਰੀਬ ਸਿੱਖਾਂ ਦੀ ਸਹਾਇਤਾ ਲਈ ਵਰਤਿਆ ਜਾਂਦਾ ਸੀ। ਇਹਨਾਂ ਮੰਜੀਆਂ ਦਾ ਵੇਰਵਾ ਇਸ ਪ੍ਰਕਾਰ ਹੈ :

੧. ਅੱਲਾ ਯਾਰ (ਪਠਾਣ ਸੌਦਾਗਰ)

੨. ਸੱਚਨ ਸੱਚ (ਪਿੰਡ ਮੰਦਰ ਤਹਿਸੀਲ ਸ਼ਰਕਪੁਰ)

੩. ਸਾਧਾਰਨ (ਗੋਇੰਦਵਾਲ)

੪. ਸਾਵਨ ਮਲ (ਗੋਇੰਦਵਾਲ)

੫. ਸੁੱਖਣ (ਧਮਿਆਲ)

੬. ਹੰਦਾਲ (ਜੰਡਿਆਲਾ)

੭. ਕੇਦਾਰੀ (ਬਟਾਲਾ)

੮. ਖੇਡਾ (ਖੇਮਕਰਨ)

੯. ਗੰਗੂ ਸ਼ਾਹ (ਗੜ੍ਹ ਸ਼ੰਕਰ)

੧੦. ਦਰਬਾਰੀ (ਮਜੀਠਾ)

੧੧. ਪਾਰੋ (ਡੱਲਾ)

੧੨. ਫੇਰਾ (ਮੀਰਪੁਰ)

੧੩. ਬੂਆ (ਹਰਿ ਗੋਬਿੰਦਪੁਰ)

੧੪. ਬੇਣੀ (ਚੂਹਨੀਆਂ)

੧੫. ਮਹੇਸ਼ਾ (ਸੁਲਤਾਨਪੁਰ)

੧੬. ਮਾਈਦਾਸ (ਨਰੋਲੀ)

੧੭. ਮਾਣਕ ਚੰਦ (ਵੈਰੋਵਾਲ)

੧੮. ਮੁਰਾਰੀ (ਖਾਈ)

੧੯. ਰਾਜਾ ਰਾਮ (ਸੰਧਮਾ)

੨੦. ਰੰਗ ਸ਼ਾਹ (ਮਲੂ ਪੋਤਾ)

੨੧. ਰੰਗ ਦਾਸ (ਘੜੂਆਂ)

੨੨. ਲਾਲੋ (ਡੱਲਾ)

ਇਸ ਸਾਰੀ ਯੋਜਨਾ ਤੋਂ ਇਹ ਪਤਾ ਲੱਗਦਾ ਹੈ ਕਿ ਲੋਕਾਂ ਨੂੰ ਨਵੇਂ ਵਿਚਾਰਾਂ ਤੇ ਸੁਧਾਰਾਂ ਵਿੱਚ ਦਿਲਚਸਪੀ ਸੀ ਤੇ ਗੁਰੂ ਸਾਹਿਬ ਵੀ ਇਹਨਾਂ ਦੇ ਪ੍ਰਸਾਰ ਲਈ ਪੂਰਾ ਤਾਣ ਲਾ ਰਹੇ ਸਨ। ਇਸ ਮਿਸ਼ਨ ਦੀ ਸਫਲਤਾ ਤਾਂ ਇਸੇ ਤੋਂ ਜ਼ਾਹਰ ਹੈ ਕਿ ਮਾਈਦਾਸ ਵਰਗੇ ਕੱਟੜ ਵੈਸ਼ਣਵ, ਪੰਡਿਤ

ਬੇਣੀ ਵਰਗੇ ਸ਼ਾਸਤ੍ਰਾਰਥੀ, ਅੱਲਾ ਯਾਰ ਖਾਂ ਵਰਗੇ ਪਠਾਣ, ਭਾਈ ਪਾਰੋ ਵਰਗੇ ਪਰਮਹੰਸ ਬ੍ਰਹਮ ਗਿਆਨੀ ਤੇ ਸੱਚਨ ਸੱਚ ਤੇ ਮੁਰਾਰੀ ਵਰਗੇ ਗ਼ਰੀਬ ਅਪਾਹਜ ਸਭ ਗੁਰੂ ਦੀ ਸ਼ਰਨ ਆਉਂਦੇ ਗਏ ਤੇ ਉਹਨਾਂ ਖ਼ੁਦ ਗੁਰੂ ਦੇ ਮਿਸ਼ਨ ਨੂੰ ਪ੍ਰਚਾਰਨ ਦਾ ਜ਼ਿੰਮਾ ਲਿਆ

## (੨) ਲੰਗਰ ਦੀ ਮਰਿਆਦਾ ਪੱਕੀ ਕਰਨੀ

ਗੁਰੂ ਜੀ ਨੇ ਹੁਕਮ ਦਿੱਤਾ ਕਿ ਹੁਣ ਉਹ ਸੰਗਤ ਵਿੱਚ ਵੀ ਨਹੀਂ ਬੈਠ ਸਕਦਾ ਜੋ ਪੰਗਤ ਵਿੱਚ ਨਹੀਂ ਬੈਠਣਾ ਚਾਹੁੰਦਾ। ਉਸ ਨੂੰ ਹੁਣ ਗੁਰੂ ਦੇ ਦਰਸ਼ਨ ਨਹੀਂ ਹੋਣਗੇ ਜੋ ਵਰਣ-ਆਸ਼ਰਮ ਦੀ ਗੋਤ ਭਿਟ-ਸੁਚ, ਛੂਤ-ਛਾਤ, ਊਚ-ਨੀਚ ਮੰਨੇਗਾ। ਆਸ਼ਰਮ-ਭੇਦ ਰੱਖਣ ਵਾਲੇ ਹੁਣ ਗੁਰੂ ਜੀ ਪਾਸ ਨਹੀਂ ਜਾ ਸਕਦੇ ਸਨ। ਗੁਰੂ ਦਾ ਲੰਗਰ ਹੋਰ ਵੀ ਵਧੇਰੇ ਪ੍ਰਸਿੱਧ ਹੋ ਚੁੱਕਾ ਸੀ। ਗੁਰੂ ਸਾਹਿਬ ਦੀ ਇੱਛਾ ਹੁੰਦੀ ਸੀ ਕਿ ਹਰੇਕ ਯਾਤਰੂ ਉਨ੍ਹਾਂ ਦੇ ਦਰਸ਼ਨ ਕਰਨ ਤੋਂ ਪਹਿਲਾਂ ਲੰਗਰ ਵਿੱਚ ਭੋਜਨ ਛਕੇ। ਇੰਜ ਕਰਕੇ ਉਹ ਜਾਤਪਾਤ ਅਤੇ ਉੱਚੇ ਤੇ ਨੀਵੇਂ ਵਿਚਕਾਰ ਵਿਤਕਰਾ ਖ਼ਤਮ ਕਰਨਾ ਚਾਹੁੰਦੇ ਸਨ। ਲੰਗਰ ਦੀ ਸੰਸਥਾ ਨੇ ਜ਼ਾਤਪਾਤ, ਊਚ-ਨੀਚ ਤੇ ਛੂਤ-ਛਾਤ ਦਾ ਭਰਮ ਮਿਟਾ ਕੇ ਲੋਕਾਂ ਵਿੱਚ ਏਕਤਾ, ਪ੍ਰੇਮ ਤੇ ਭਾਈਚਾਰੇ ਦੇ ਭਾਵ ਪੈਦਾ ਕੀਤੇ। ਇਉਂ ਇਹ ਸੰਸਥਾ ਵੀ ਪੰਜਾਬ ਵਿੱਚ ਬੀਰਤਾ ਦੇ ਵਿਕਾਸ ਦਾ ਸਾਧਨ ਬਣੀ। ਜੋ ਇਕ ਦਿਨ ਵਿੱਚ ਪ੍ਰਾਪਤ ਹੁੰਦਾ ਸੀ ਉਸੇ ਦਿਨ ਖ਼ਰਚ ਕਰ ਦਿੱਤਾ ਜਾਂਦਾ ਸੀ ਅਤੇ ਭਲਕ ਲਈ ਕੁਝ ਵੀ ਬਚਾ ਕੇ ਰੱਖਿਆ ਨਹੀਂ ਜਾਂਦਾ ਸੀ।

ਹਰ ਰੋਜ਼ ਜੋ ਅਨਾਜ ਗੁਰੂ ਦੀ ਹਜ਼ੂਰੀ ਵਿਚ ਪੁੱਜਦਾ ਉਸ ਨੂੰ ਪੀਹ ਕੇ, ਪਕਾ ਕੇ ਸੰਗਤਾਂ ਨੂੰ ਛਕਾਇਆ ਜਾਂਦਾ ਤੇ ਅਗਲੇਰੀ ਭਲਕ ਲਈ ਕੁਝ ਨਾ ਰੱਖਿਆ ਜਾਂਦਾ। ਜੇ ਅਨਾਜ ਵਧੇਰੇ ਤੇ ਸੰਗਤ ਥੋੜ੍ਹੀ ਹੁੰਦੀ ਤਾਂ ਗੁਰੂ ਜੀ ਵਲੋਂ ਉਸ ਦਿਨ ਪਿੰਡ ਦੇ ਪਸ਼ੂ ਢਾਂਡੇ ਨੂੰ ਨਿਉਂਦਾ ਦਿੱਤਾ ਜਾਂਦਾ ਅਤੇ ਗਊਆਂ, ਘੋੜਿਆਂ, ਬਲਦਾਂ ਤੇ ਮੱਝਾਂ ਨੂੰ ਖੂਬ ਰੋਟੀਆਂ ਖੁਆਈਆਂ ਜਾਂਦੀਆਂ। ਜੇ ਫਿਰ ਵੀ ਕੋਈ ਚੀਜ਼ ਵਸਤ ਬਚ ਜਾਂਦੀ ਤਾਂ ਸੇਵਾਦਾਰ ਦਰਿਆ ਵਿਚ ਜਾ ਕੇ ਮੱਛੀਆਂ ਨੂੰ ਪਾ ਦਿੰਦੇ।

## (੩) ਗੋਇੰਦਵਾਲ ਨਗਰ ਵਸਾਉਣਾ

ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਨਾਂ ਦਾ ਨਗਰ ਵਸਾਇਆ। ਗੁਰੂ ਅਮਰਦਾਸ ਜੀ ਨੇ ਇਥੇ ਹੀ ਆਪਣਾ ਨਿਵਾਸ ਅਸਥਾਨ ਰੱਖਿਆ, ਜਿਸ ਕਾਰਨ ਇਹ ਸਿੱਖੀ ਦਾ ਧੁਰਾ ਬਣਿਆ। ਗੁਰੂ ਸਾਹਿਬ ਨੇ ਤੀਰਥਾਂ ਦੀ ਖਿੱਚ ਤੋਂ ਇਸ ਪਾਸੇ ਰੁਖ਼ ਮੋੜਨ ਲਈ ਇਕ ਬਾਉਲੀ ਬਣਵਾਈ ਜਿਸ ਦੀਆਂ ੮੪ ਪਉੜੀਆਂ ਹਨ।

ਇਸ ਬਉਲੀ ਦਾ ਪਹਿਲਾ ਟੱਕ ਬਾਬਾ ਬੁੱਢਾ ਜੀ ਨੇ ਲਗਾਇਆ। ਬਾਉਲੀ ਬਣ ਜਾਣ ਪਿੱਛੋਂ ਗੁਰੂ ਦੇ ਸਿੱਖਾਂ ਨੂੰ ਕਿਸੇ ਹੋਰ ਤੀਰਥ ਦੀ ਖਿੱਚ ਨਾ ਰਹੀ। ਗੰਗਾ ਜਮਨਾ ਨਾਲੋਂ ਇਸ ਦਾ ਮਹਾਤਮ ਵਧੇਰੇ ਦਰਸਾਇਆ ਗਿਆ।

*ਮੈਂ ਅਜਾਨ ਮਹਿਮਾ ਨਹੀਂ ਜਾਨੀ।*
*ਬਾਵਲੀ ਮਹਿ ਗੰਗ ਪਰਮਾਨੀ।*

ਬਿਆਸ ਦੇ ਕੰਢੇ ਉਤੇ ਗੋਇੰਦਵਾਲ ਨਾਮਕ ਨਗਰ ਵਸਾਇਆ ਅਤੇ ਬਾਅਦ ਵਿਚ ਇਕ ਉੱਤਮ ਬਾਉਲੀ ਬਣਵਾਈ ਜਿਹੜੀ ਸਿੱਖਾਂ ਦਾ ਪਹਿਲਾਂ ਮਹੱਤਵ-ਪੂਰਣ ਤੀਰਥ ਸਥਾਨ ਬਣੀ।

ਕਨ੍ਹਈਆ ਲਾਲ ਅਨੁਸਾਰ : "ਇਸੇ ਤਰ੍ਹਾਂ ਹੀ ਕੀਤਾ ਗਿਆ ਤੇ ਸ਼ਹਿਰ ਆਬਾਦ ਹੋ ਗਿਆ। ਸਿੱਖਾਂ ਵਿਚ ਇਹ ਅਸਥਾਨ ਵੱਡਾ ਤੀਰਥ ਮੰਨਿਆ ਜਾਂਦਾ ਹੈ। ਗੋਵਿੰਦਾ ਦੇ ਨਾਮ ਨਾਲ ਸੰਬੰਧਿਤ ਉਹ ਕਸਬਾ ਹੁਣ ਤੱਕ ਗੋਇੰਦਵਾਲ ਕਰਕੇ ਪ੍ਰਸਿੱਧ ਹੈ। ਇਸ ਅਸਥਾਨ ਨੂੰ ਗੋਇੰਦਵਾਲ ਤੇ ਗੋਬਿੰਦਪੁਰੀ ਵੀ ਕਹਿੰਦੇ ਹਨ।"

ਨਰਿੰਦਰਪਾਲ ਸਿੰਘ ਮੁਤਾਬਕ : ਗੁਰੂ ਸਾਹਿਬ ਨੇ ਬਾਉਲੀ ਵਿਚ ਕੀਤੇ ਅਸ਼ਨਾਨ ਨੂੰ ਪਵਿੱਤਰ ਮੰਨਿਆ ਤੇ ਕਿਹਾ ਕਿ ਹਰੇਕ ਪੌੜੀ ਉਤੇ ਸੱਚੇ ਦਿਲ ਨਾਲ ਜਪੁਜੀ ਸਾਹਿਬ ਦਾ ਪਾਠ, ਮਨ ਨਿਰਮਲ ਤੇ ਅੱਗਾ ਸਫਲ ਕਰੇਗਾ। ਇਉਂ ਗੁਰਸਿੱਖਾਂ ਨੂੰ ਇਕ ਤਰ੍ਹਾਂ ਨਾਲ ਆਪਣਾ ਨਿੱਜੀ ਤੀਰਥ ਅਸਥਾਨ ਮਿਲ ਗਿਆ ਤੇ ਉਹ ਇਕ ਮਿੱਥੇ ਕੇਂਦਰ ਵੱਲ ਖਿਚੇ ਜਾਣ ਲੱਗੇ।

ਫੌਜਾ ਸਿੰਘ ਅਨੁਸਾਰ : "From the time of the Third Master, Guru Amar Dass, it began to be felt that the Sikhs should have their own seats of religion and pilgrimage, so that it might not be necessary for them to go to the *TIraths* (holy places) of Hindus, A baoli (a well with a pakka staircase reaching down to the water surface) was constructed at Goindwal under the

instructions and personal supervision of Guru Amar Dass. The water of this well was consecrated, and a wash with it was regarded as an act of great spiritual merit.

### (੪) ਵੱਡੇ ਜੋੜ ਮੇਲੇ

ਗੁਰੂ ਸਾਹਿਬ ਨੇ ਸਾਲ ਵਿਚ ਦੋ ਵੱਡੇ ਇਕੱਠ ਕਰਨ ਦਾ ਪ੍ਰੋਗਰਾਮ ਵੀ ਬਣਾਇਆ। ਇਹ ਮਹਾਨ ਇਕੱਠ ਵੈਸਾਖੀ ਅਤੇ ਦੀਵਾਲੀ ਨੂੰ ਹੁੰਦੇ ਸਨ। ਸਿੱਖਾਂ ਦੀ ਵੀ ਪ੍ਰਬਲ ਇੱਛਾ ਸੀ ਕਿ ਇਹੋ ਜਿਹਾ ਇਕੱਠ ਸਾਲ ਵਿਚ ਜ਼ਰੂਰ ਹੋਇਆ ਕਰੇ। ਗੋਇੰਦਵਾਲ ਵਿਖੇ ਵੈਸਾਖੀ ਦਾ ਪਹਿਲਾ ਜੋੜ-ਮੇਲਾ ੧੫੬੭ ਈ: ਵਿਚ ਹੋਇਆ।

### (੫) ਔਰਤਾਂ ਦੀ ਦਸ਼ਾ ਵਿਚ ਸੁਧਾਰ

ਗੁਰੂ ਸਾਹਿਬ ਨੇ ਪਰਦੇ ਅਤੇ ਸਤੀ ਦੀ ਰਸਮ ਦਾ ਵਿਰੋਧ ਕੀਤਾ। ਪਰਦੇ ਦੀ ਰਸਮ ਭੀ ਹਟਾਈ। ਪਰਦਾ, ਔਰਤਾਂ ਮੂੰਹ ਢੱਕਣ ਦੀ ਕ੍ਰਿਆ ਨੂੰ ਕਿਹਾ ਜਾਂਦਾ ਸੀ ਅਤੇ ਸਤੀ ਹੋਣ ਦਾ ਮਤਲਬ ਉਨ੍ਹਾਂ ਦਾ ਆਪਣੇ ਪਤੀ ਦੀ ਚਿਖਾ ਉੱਪਰ ਜ਼ਿੰਦਾ ਸੜ ਮਰਨਾ ਸੀ । ਗੁਰੂ ਸਾਹਿਬ ਨੇ ਜਨਮ, ਵਿਆਹ ਅਤੇ ਮੌਤ ਸਮੇਂ ਲਈ ਸਾਦਾ ਰਸਮਾਂ ਲਾਗੂ ਕੀਤੀਆਂ।

ਗੁਰੂ ਅਮਰਦਾਸ ਜੀ ਨੇ ਸਰੀਰ ਤਿਆਗਣ ਤੋਂ ਪਹਿਲਾਂ ਭਾਈ ਜੇਠਾ ਜੀ (ਗੁਰੂ ਰਾਮਦਾਸ) ਵਿਚ ਆਪਣੀ ਜੋਤੀ ਦਾ ਪ੍ਰਕਾਸ਼ ਕੀਤਾ ਜਿਸ ਨੂੰ ਸਭ ਸਿੱਖਾਂ ਨੇ ਸਵੀਕਾਰ ਕੀਤਾ। ਆਪ ਪਹਿਲੀ ਸਤੰਬਰ ੧੫੭੪ ਨੂੰ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਸੌਂਪ ਕੇ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾ ਗਏ।

ਆਪ ਜੀ ਨੇ ਜੋ ਬਾਣੀ ਰਚੀ, ਉਹ ੧੭ ਰਾਗਾਂ ਵਿਚ ਹੈ।

ਦੁਪਦੇ, ਚਉਪਦੇ, ਅਸਟਪਦੀਆ, ਸੋਲਹੇ, ਛੰਤ ਤੇ ਸਲੋਕ ਆਦਿ ਤੋਂ ਇਲਾਵਾ ਜੋ ਵਿਸ਼ੇਸ਼ ਬਾਣੀਆਂ ਰਚੀਆਂ ਗਈਆਂ, ਉਹ ਇਹ ਹਨ :

(੧) ਅਨੰਦ (ਰਾਮਕਲੀ), (੨) ਪਟੀ (ਆਸਾ), (੩) ਵਾਰ ਸਤ (ਬਿਲਾਵਲ), (੪) ਅਲਾਹੁਣੀ (ਵਡਹੰਸ), (੫) ਵਾਰ ਗੂਜਰੀ, (੬) ਵਾਰ ਸੂਹੀ, (੭) ਵਾਰ ਰਾਮਕਲੀ, (੮) ਵਾਰ ਮਾਰੂ।

*(ਪੰਨਾ 17 ਦੀ ਬਾਕੀ)*

*ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥੧॥੫੪॥* *ਅੰਗ - ੨੬੧*

*ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥੩॥* *ਅੰਗ - ੨੧੬*

*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਹਰ॥ ਕੀਨੇ ਰਾਮਨਾਮ ਇਕ ਆਖ੍ਹਰ॥* *ਸੁਖਮਨੀ ਸਾਹਿਬ, ਅੰਗ - ੨੬੨*

*ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥*
*ਬੋਲ ਅਬੋਲ ਮਧਿ ਹੈ ਸੋਈ॥ ਜਸ ਓਹੁ ਹੈ ਤਸ ਲਖੈ ਨ ਕੋਈ॥੨॥* *ਅੰਗ - ੩੪੦*

*ਏਕੁ ਸੁਧਾਖਰ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤੁ ਪਛਾਨਿਆ॥ਰਹਾਉ॥੪॥੧੧॥* *ਅੰਗ - ੧੨੦੫*

*ਬਾਵਨ ਅਖਰ ਜੋਰੇ ਆਨਿ॥ ਸਕਿਆ ਨ ਅਖਰੁ ਏਕੁ ਪਛਾਨਿ॥੪੫॥* *ਅੰਗ - ੩੪੩*

ਕਿਸੇ ਮਹਾਂਪੁਰਖ ਨੇ ਲਿਖਿਆ ਹੈ, ਮੰਤਰ ਛੋਟੇ ਤੋਂ ਛੋਟਾ ਚੰਗਾ ਹੈ। ਇਸ ਅੱਖਰ ਨੂੰ ਆਪਣੇ ਹਿਰਦੇ ਵਿਚ ਘੁੱਟ ਕੇ ਬਿਠਾ ਲਉ ਤੇ ਆਪਣੇ ਨਿਤ ਦੇ ਕੰਮਾਂ ਕਾਜਾਂ ਵਿੱਚ ਨਾਲ ਨਾਲ ਰਖੋ ਤੇ ਆਪਣੇ ਜੀਵਨ ਵਿਚ ਢਾਲ ਲਓ। ਜੇ ਕੋਈ ਸ਼ੰਕਾ-ਸੰਕਲਪ ਵਿਕਲਪ ਆਵੇ ਤਾਂ ਇਸੇ ਇਕ ਅੱਖਰ ਨਾਲ ਹੀ ਉਸ ਦਾ ਹੱਲ ਲਭੋ। ਇਸ ਇਕ ਅੱਖ਼ਰ ਦਾ ਇਤਨਾ ਰਟਨ-ਜਾਪ-ਸਿਮਰਨ ਕਰੋ ਕਿ ਤੁਹਾਡੇ ਤਨ-ਮਨ-ਹਿਰਦਾ-ਅੰਤਿਸ਼ਕਰਣ ਵਿਚ ਇਹ ਅਖਰ ਮੰਤਰ ਧਸ, ਵਸ-ਰਸ ਜਾਵੇ, ਤੇ ਇਹ 'ਮੰਤਰ' ਤੁਹਾਡੇ ਅਨੁਭਵ ਵਿਚ ਸੁਨਣ ਲਗ ਜਾਵੇ, ਅਤੇ ਤੁਹਾਡਾ ਸਾਰਾ ਆਪ-ਹੱਦ ਹੀ ਇਸ ਵਿਚ ਸਮਾ ਜਾਵੇ।

ਨਾਮ ਜਪਣ ਲਈ ਸਭ ਤੋਂ ਵਿਸ਼ੇਸ਼ ਸਮਾਂ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਵਾਲਾ ਹੈ। "ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧ" (ਅੰਗ - ੨੫੫) ਦੇ ਹੁਕਮ ਅਨੁਸਾਰ ਪ੍ਰਭਾਤ ਵੇਲਾ ਸਿਮਰਨ ਲਈ ਸਭ ਤੋਂ ਉੱਤਮ ਹੈ, ਪਰ ਨਾਲ ਹੀ ਪ੍ਰੇਰਨਾ ਕੀਤੀ ਗਈ ਹੈ।

*ਨਿਸਿ ਬਾਸੁਰ ਅਰਾਧਿ॥*
*ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ॥ਰਹਾਉ॥* *ਅੰਗ - ੧੨੯੮*

*ਪਲੁ ਪਲੁ ਨਿਮਖ ਸਦਾ ਹਰਿ ਜਪਨੇ॥੧॥੧੯॥* *ਅੰਗ - ੧੨੯੮*

"ਬਹਿਦਿਆ ਉਠਦਿਆ ਨਿਤ ਧਿਆਈਐ" (ਅੰਗ - ੧੨੯੧) ਯਾਨੀ ਹਰ ਵਕਤ, ਸਦਾ, ਪਲ ਪਲ, ਨਿਮਖ ਨਿਮਖ, ਹਰ ਹਾਲਤ ਵਿਚ, ਹਰ ਵੇਲ, ਕੰਮ ਕਾਜ ਕਰਦਿਆਂ,

ਖਾਂਦੇ ਪੀਂਦੇ, ਜਾਗਦੇ ਸੌਂਦੇ, ਉਠਦੇ ਬਹਿੰਦੇ, ਤੁਰਦੇ ਫਿਰਦੇ, ਸਦਾ ਸਿਮਰਨ ਕਰਨ ਦਾ ਉਪਦੇਸ਼ ਦ੍ਰਿੜ ਕਰਾਇਆ ਗਿਆ ਹੈ।

ਸਿਮਰਨ ਅਭਿਆਸ ਦੀ ਘਾਲਣਾ ਵਿਚ 'ਸਾਧਸੰਗਤ' ਬਹੁਤ ਜ਼ਰੂਰੀ ਅਤੇ ਸਹਾਇਕ ਹੈ। ਮਹਾਂਪੁਰਖਾਂ ਦੀ ਸੰਗਤ, ਜਿਹੜੇ ਖ਼ੁਦ ਨਾਮ ਕਮਾਈ ਵਿਚ ਜੁਟੇ ਹਨ ਤੇ ਰਸ ਮਾਣਦੇ ਹਨ, ਉਨਾਂ ਦੀ ਸੰਗਤ ਵਿਚ ਬਗੈਰ ਕਿਸੇ ਖਾਸ ਖੇਚਲ ਤੋਂ ਸਹਿਜੇ ਹੀ ਮਨ ਜੁੜਦਾ ਹੈ, ਤੇ ਸਿਮਰਨ ਵਿਚ ਲਗਾ ਰਹਿੰਦਾ ਹੈ, ਤੇ ਰਸ ਮਾਣਦਾ ਹੈ।

*ਸਾਧ ਕੈ ਸੰਗਿ ਨਹੀ ਕਛੁ ਘਾਲ॥੬॥੭॥ਅੰਗ - ੭੭੨*

*ਸਾਧ ਕੈ ਸੰਗਿ ਸੁਨਉ ਹਰਿ ਨਾਉ॥*
*ਸਾਧਸੰਗਿ ਹਰਿ ਕੇ ਗੁਨ ਗਾਉ॥*
*ਸਾਧ ਕੈ ਸੰਗਿ ਨ ਮਨ ਤੇ ਬਿਸਰੈ॥*
*ਸਾਧਸੰਗਿ ਸਰਪਰ ਨਿਸਤਰੈ॥*
*ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ॥ ਸਾਧੂ ਕੈ ਸੰਗਿ ਘਟਿ ਘਟਿ ਡੀਠਾ॥੭॥੭॥ ਅੰਗ - ੭੭੨*

*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥੧॥ ਅੰਗ - ੧੨*

*ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥*
*ਜਿਉ ਜਿਉ ਓਹੁ ਵਧਾਈਐ, ਤਿਉ ਤਿਉ ਹਰਿ ਸਿਉ ਰੰਗੁ॥੯॥੧॥੨੬॥*

ਹੇਠਲੇ ਗੁਰਵਾਕ ਅਨੁਸਾਰ ਜਦ ਪਿਛਲੇ ਸੰਸਕਾਰਾਂ ਦੁਆਰਾ ਪੂਰਬ ਕਰਮ ਪ੍ਰਗਟਦੇ ਹਨ ਤਾਂ ਸਾਧ ਸੰਗਤ ਵਿਚ ਸਾਧੂ ਸਤਿਗੁਰ ਦਾ ਮਿਲਾਪ ਹੁੰਦਾ ਹੈ ਤੇ ਆਤਮਕ ਛੋਹ ਪ੍ਰਾਪਤ ਹੋ ਜਾਵੇ ਤਾਂ ਜਗਿਆਸੂ ਦੀ ਆਤਮਾ ਫ਼ੌਰਨ ਜਾਗ ਪੈਂਦੀ ਹੈ ਤੇ ਸਹਿਜ ਸੁਭਾ ਅਤੁੱਟ ਸਿਮਰਨ ਚਾਲੂ ਹੋ ਜਾਂਦਾ ਹੈ ਤੇ ਉਹ ਵਡਭਾਗਾ ਹੈ ਜਾਂਦਾ ਹੈ।

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥੨॥੨॥੧੧੯॥ ਅੰਗ - ੨●੪*

ਇਹ ਗੱਲ ਸਪਸ਼ਟ ਕਰਨ ਦੀ ਲੋੜ ਹੈ ਕਿ 'ਵਾਹਿਗੁਰੂ' ਗੁਰ-ਮੰਤਰ ਵਿਚ ਹੋਰ ਸਾਰੇ ਵਿਸ਼ੇਸ਼ 'ਮੰਤਰ' ਸ਼ਾਮਲ ਹਨ, ਜਿਸ ਤਰ੍ਹਾਂ ਕਿ -

'ਵ' ਵਾਸਦੇਵ ਦਾ ਪ੍ਰਤੀਕ ਹੈ। 'ਹ'' ਹਰੀ ਦਾ ਪ੍ਰਤੀਕ ਹੈ। 'ਗ' ਗੋਬਿੰਦ ਦਾ ਪ੍ਰਤੀਕ ਹੈ। 'ਰ' ਰਾਮ ਦਾ ਪ੍ਰਤੀਕ ਹੈ ਤੇ ਸਮੁਚਾ ਮੰਤਰ 'ਵਾਹਿਗੁਰੂ' ਇਨ੍ਹਾਂ ਸਾਰਿਆਂ ਚੋਹਾਂ ਮੰਤਰਾਂ ਦਾ ਪ੍ਰਤੀਕ ਹੀ ਨਹੀਂ, ਬਲਕਿ ਨਿਚੋੜ ਹੈ, 'ਮਹਿਕ' ਹੈ, 'ਹੋਂਦ' ਹੈ, ਤੇ ਤੱਤ ਹੈ। (ਖਾਲਸਾ ਸਮਾਚਾਰ, ੨੪-੩-੮੩)

***(ਪੰਨਾ 20 ਦੀ ਬਾਕੀ)***

ਗਇਆ।

## ਕੀਰਤਨ ਸਭ ਤੋਂ ਸ੍ਰੇਸ਼ਟ ਕਰਮ ਹੈ

ਗੁਰਬਾਣੀ ਦਾ ਗਾਵਣਾ, ਅਰਥਾਤ ਹਰਿ-ਕੀਰਤਨ ਕਰਨਾ ਸਦਾ ਹੀ ਸਫਲ ਅਤੇ ਸੁਖਦਾਈ ਹੈ। ਯਥਾ ਗੁਰਵਾਕ-

*ਗੁਰਬਾਣੀ ਗਾਵਹ ਭਾਈ॥*
*ਓਹ ਸਫਲ ਸਦਾ ਸੁਖਦਾਈ॥ ਅੰਗ - ੬੨੮*

ਸਤਿਸੰਗ ਸਮਾਗਮ ਵਿਚ ਹਰਿ-ਕੀਰਤਨ ਅਥਵਾ ਗੁਰਬਾਣੀ ਰੂਪੀ ਹਰਿ ਗੁਣ ਗਾਉਣ ਦਾ ਲਾਹਾ ਅਪਰ ਅਪਾਰ ਹੈ। ਯਥਾ ਗੁਰਵਾਕ -

*ਸਾਧਸੰਗਮਿ ਗੁਣ ਗਾਵਹ ਹਰਿ ਕੇ*
*ਰਤਨ ਜਨਮੁ ਨਹੀਂ ਹਾਰਿਓ॥*
*ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ*
*ਕੁਲਹ ਸਮੂਹ ਉਧਾਰਿਓ॥ ਅੰਗ - ੫੩੪*

ਤਥਾ -

*ਹਰਿ ਗੁਣ ਗਾਇ ਪਰਮਪਦੁ ਪਾਇਆ*
*ਪ੍ਰਭ ਕੀ ਊਤਮ ਬਾਣੀ॥*
*ਸਹਜ ਕਥਾ ਪ੍ਰਭ ਕੀ ਅਤਿ ਮੀਠੀ*
*ਕਥੀ ਅਕਥ ਕਹਾਣੀ॥ ਅੰਗ - ੭੮੧*

ਅੱਗੇ ਫੇਰ ਗੁਰਬਾਣੀ ਗਾਵਣ ਦੀ ਪਾਰਸ-ਕਲਾ ਗੁਰ-ਸ਼ਬਦ-ਪ੍ਰਮਾਣ ਇਸ ਬਿਧਿ ਨਿਰੂਪਣ ਕਹਾਉਂਦੇ ਹਨ -

*ਦੂਖ ਭੂਖ ਸੰਸਾ ਮਿਟਿਆ*
*ਗਾਵਤ ਪ੍ਰਭ ਨਾਮ॥*
*ਸਹਜ ਸੂਖ ਆਨੰਦ ਰਸ*
*ਪੂਰਨ ਸਭਿ ਕਾਮ॥੧॥ ਅੰਗ - ੮੧੯*

ਹਰਿ-ਕੀਰਤਨ ਗੁਰਬਾਣੀ ਗਾਵਣ ਦੀ ਪਾਰਸ-ਕਲਾ ਦੇ ਅਨੇਕ ਉਦਾਹਰਨ ਗੁਰ ਪ੍ਰਮਾਣ ਗੁਰਬਾਣੀ ਅੰਦਰ ਆਉਂਦੇ ਹਨ, ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਹਰਿ-ਕੀਰਤਨ ਹੀ ਸਿਰ ਕਰਮਨ ਕੇ ਕਰਮਾ ਹੈ ਅਤੇ ਕਲਜੁਗੀ ਜੀਵਾਂ ਦੇ ਉਧਾਰ ਦਾ ਸਹਿਜ ਵਸੀਲਾ ਕੇਵਲ ਹਰਿ-ਕੀਰਤਨ ਹੀ ਹੈ। ਜਿਹਾ ਕਿ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥ ਅੰਗ - ੬੪੨*

*('ਗੁਰਮਤਿ ਲੇਖ' ਪੁਸਤਕ ਵਿੱਚੋਂ)*

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਹਿਲੀ ਜੰਗ

*[ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ., ਜਗਾਧਰੀ]*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਚਾਰ ਜੰਗਾ ਮੁਗਲਾਂ ਨਾਲ ਲੜੀਆਂ ਹਨ ਅਤੇ ਫਤਹਿ ਪਰਾਪਤ ਕੀਤੀਆਂ। ਪਿਤਾ ਜੀ ਦੀ ਲਾਸਾਨੀ ਸ਼ਹੀਦੀ ਤੋਂ ਬਾਅਦ ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਫੁਰਮਾਇਆ ਕਿ ਹੁਣ ਜੋ ਗੁਰੂ ਨੂੰ ਭੇਟਾ ਕਰਨੀ ਹੈ ਉਹ ਸ਼ਸਤਰ, ਘੋੜੇ ਅਤੇ ਜਵਾਨੀ ਭੇਟ ਕਰਨੀ ਹੈ। ਇਸ ਹੁਕਮ ਉਪਰੰਤ ਸਿੱਖ ਸੰਗਤਾਂ ਦੀ ਆਪਾਰ ਸ਼ਰਧਾ, ਪਿਆਰ ਸਦਕਾ ਅਨੇਕਾਂ ਸਿੱਖ ਅਤੇ ਘੋੜੇ-ਸ਼ਸ਼ਤਰਾਂ ਦੇ ਅੰਬਾਰ ਲਗ ਗਏ। ਹਰਿਮੰਦਿਰ ਸ੍ਰੀ ਅੰਮ੍ਰਿਤਸਰ ਅਕਾਲ ਬੁੰਗੇ ਸ੍ਰੀ ਅਕਾਲ ਤਖਤ ਸਾਹਿਬ ਤੇ ਸਿੱਖ ਸੰਗਤਾਂ ਦੀ ਚਹਲ-ਪਹਲ ਹੋ ਗਈ। ਗੁਰੂ ਜੀ ਨੇ ਸਿਖਾਂ ਨੂੰ ਘੋੜ ਸਵਾਰੀ ਸ਼ਸਤਰ ਨੇਜੇ-ਬਾਜੀ ਆਦਿ ਦੀ ਤਿਆਰੀ ਸ਼ੁਰੂ ਕਰਵਾ ਦਿੱਤੀ ਸੀ। ਗੁਰੂ ਜੀ ਭਗਤੀ ਤੇ ਸ਼ਕਤੀ ਰਾਜਨੀਤਕ-ਧਾਰਮਿਕ ਮੀਰੀ-ਪੀਰੀ ਦਾ ਸਿਧਾਂਤ ਲਈ ਗੁਰੂ ਜੀ ਨੇ ਦੋ ਤਲਵਾਰਾਂ ਪੈਹਨੀਆਂ ਸਨ। ਸਿੱਖ ਕੌਮ ਹੁਣ ਜਾਗ੍ਰਤੀ ਵਿਚ ਰਹਿ ਕੇ ਪਹਿਰਾ ਦੇਵੇ।

ਨਵੰਬਰ ਦੇ ਮਹੀਨੇ 1627 ਈ. ਨੂੰ ਜਹਾਂਗੀਰ ਜਿਹੜਾ ਕਾਫੀ ਸਮਾਂ ਗੁਰੂ ਜੀ ਨਾਲ ਕਸ਼ਮੀਰ, ਆਗਰਾ, ਦਿੱਲੀ ਇਕੱਠੇ ਰਹੇ, ਪਰ ਗੁਰੂ ਜੀ ਨੇ ਇਕ ਵਾਰੀ ਵੀ ਆਪਣੇ ਪਿਤਾ ਜੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਬਾਰੇ ਗੱਲ ਨਹੀਂ ਕੀਤੀ ਨਾਂ ਹੀ ਕਦੀ ਜਿਕਰ ਕੀਤਾ। ਕਸ਼ਮੀਰ ਤੋਂ ਬਾਅਦ ਇਹ ਕਾਬਲ ਵੱਲ ਚਲਾ ਗਿਆ, ਉੱਥੇ ਇਸ ਦੀ 1627 ਈ. ਨੂੰ ਮੌਤ ਹੋ ਗਈ ਸੀ। ਉਸ ਦਾ ਪੁੱਤਰ ਸ਼ਾਹਜ਼ਹਾਨ 1628 ਈ. ਨੂੰ ਗੱਦੀ ਤੇ ਬੈਠਾ। ਗੱਦੀ ਤੇ ਬੈਠਣ ਪਿਛੋਂ ਐਲਾਨ ਕਰ ਦਿੱਤਾ ਕਿ ਇਸਲਾਮ ਤੋਂ ਬਿਨਾ ਕਿਸੇ ਹੋਰ ਧਰਮ ਦਾ ਪ੍ਰਚਾਰ ਨਾ ਕੀਤਾ ਜਾਵੇ। ਪਿਛਲੇ ਕੁਝ ਸਾਲਾਂ ਅੰਦਰ ਬਣੇ ਮੰਦਰ ਢਾਹ ਦਿੱਤੇ ਜਾਣ ਅਤੇ ਅੱਗੋਂ ਨਵੇਂ ਨਾ ਬਣਾਏ ਜਾਣ। ਹਿੰਦੂਆਂ ਦੇ ਅੰਦਰ ਮੁਕਾਬਲਾ ਕਰਨ ਦੀ ਸ਼ਕਤੀ ਨਹੀਂ ਸੀ, ਨਾਂ ਹੀ ਕੋਈ ਇਨ੍ਹਾਂ ਦਾ ਨੇਤਾ ਸੀ। ਬੁਜਦਿਲ ਕੌਮ ਸੀ, ਗੈਰਤ ਅਤੇ ਜਮੀਰ ਨਾਂ ਦਾ ਕੋਈ ਤਾਕਤ ਨਹੀਂ ਸੀ। ਉਨ੍ਹਾਂ ਦਾ ਪਾਣੀ ਭਰਦੇ ਤੇ ਨੌਕਰੀਆਂ ਕਰਦੇ ਸਨ। ਉਸ ਐਲਾਨ ਦੇ ਦੌਰਾਨ ਲਾਹੋਰ ਵਿੱਚ ਬਾਉਲੀ ਸਾਹਿਬ ਨੂੰ ਪੂਰ ਦਿੱਤਾ, ਉਸ ਉੱਪਰ ਮਸਜਿਦ ਉਸਾਰ ਦਿੱਤੀ ਗਈ। ਇਸ ਘਟਨਾ ਨੇ ਸਿੱਖਾਂ ਨੂੰ ਅੰਮ੍ਰਿਤਸਰ ਦੀ ਰੱਖਿਆ ਕਰਨ ਲਈ ਤਿਆਰ ਬਰ ਤਿਆਰ ਕਰ ਦਿੱਤਾ। ਕਿਉਂਕਿ ਮੁਗਲਾਂ ਨੇ ਆਪਣਾ ਧਰਮ ਜਿਹੜਾ ਵਧਾਇਆ ਹੈ, ਉਹ ਤਲਵਾਰ ਦੀ ਨੋਕ ਤੇ ਜੁਲਮ ਕਰਕੇ ਅਤੇ ਜਬਰਦਸਤੀ ਕਾਨੂੰਨ ਲਾਗੂ ਕਰਕੇ ਪਰ ਗੁਰੂਆਂ ਨੇ ਇਨ੍ਹਾਂ ਦੀ ਇਕ ਵੀ ਗੱਲ ਨਹੀਂ ਮੰਨੀ, ਬਰਾਬਰ ਜੁਲਮ ਦਾ ਟਾਕਰਾ ਕੀਤਾ ਹੈ। ਸਚਾਈ ਦੀ ਜਿੱਤ ਹੋਈ।

ਗੁਰੂ ਜੀ ਨੇ ਸਿੱਖਾਂ ਨੂੰ ਸੂਰਬੀਰ ਯੋਧੇ ਅਣਖੀ ਬਣਾਇਆ ਅਤੇ ਸ਼ਿਕਾਰ ਕਰਨਾ ਸਿਖਾਇਆ। ਇਕ ਦਿਨ ਸਿੱਖਾਂ ਦਾ ਇਕ ਜਥਾ ਸ਼ਿਕਾਰ ਖੇਡਦਾ-ਖੇਡਦਾ ਲਾਹੌਰ ਦੇ ਨੇੜੇ ਉਥੇ ਪੁੱਜ ਗਿਆ ਜਿਥੇ ਸ਼ਾਹਜਹਾਂ ਦੇ ਬੰਦੇ ਸ਼ਿਕਾਰ ਖੇਡ ਰਹੇ ਸੀ। ਸਿੱਖਾਂ ਨੇ ਇਕ ਸ਼ਿਕਾਰ ਪਿੱਛੇ ਆਪਣਾ ਬਾਜ ਛੱਡਿਆ। ਦੂਜੇ ਪਾਸੋਂ ਵੀ ਉਨ੍ਹਾਂ ਨੇ ਆਪਣਾ ਬਾਜ ਉਡਾ ਦਿੱਤਾ। ਸਿੱਖਾਂ ਦਾ ਬਾਜ ਸ਼ਿਕਾਰ ਨੂੰ ਫੜ ਕੇ ਸਿੱਖਾਂ ਪਾਸ ਲੈ ਆਇਆ। ਦੂਜੀ ਧਿਰ ਦਾ ਬਾਜ ਸ਼ਿਕਾਰ ਪਿੱਛੇ ਲੱਗਾ ਸਿੱਖਾਂ ਪਾਸ ਪੁੱਜ ਗਿਆ। ਸਿੱਖਾਂ ਨੇ ਮੁਗਲਾਂ ਦਾ ਬਾਜ ਫੜ ਲਿਆ। ਸ਼ਾਹਜਹਾਂ ਦੇ ਬੰਦਿਆਂ ਨੇ ਆ ਕੇ ਸਿੱਖਾਂ ਪਾਸੋਂ ਆਪਣਾ ਬਾਜ ਵਾਪਿਸ ਮੰਗਿਆ ਤਾਂ ਸਿੱਖਾਂ ਨੇ ਅੱਗੋਂ ਨਾਂਹ ਕਰ ਦਿੱਤੀ। ਸ਼ਿਕਾਰੀਆਂ ਨੇ ਲਾਹੌਰ ਦੇ ਗਵਰਨਰ ਕੁਲੀਜ-ਖਾਨ ਨੂੰ ਜਾ ਕੇ ਦੱਸਿਆ। ਉਸਨੇ ਸਿੱਖਾਂ ਨੂੰ ਸੋਧਣ ਲਈ ਫੋਜ਼ਦਾਰ ਮੁਖਲਿਸ ਖਾਨ ਨੂੰ ਸੱਤ ਹਜਾਰ ਫੌਜ ਦੇ ਕੇ ਸ੍ਰੀ ਅੰਮ੍ਰਿਤਸਰ ਉੱਪਰ ਹਮਲਾ ਕਰਨ ਲਈ ਭੇਜ ਦਿੱਤਾ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਆਉਣ ਵਾਲੇ ਸਮੇਂ ਨੂੰ ਸਮਝਦੇ ਸਨ, ਇਸ ਲਈ ਉਨ੍ਹਾਂ ਨੇ ਦੁਸਮਣ ਨੂੰ ਸਬਕ ਸਿਖਾਉਣ ਲਈ ਪਹਿਲਾਂ ਹੀ ਤਿਆਰੀ ਕਰ ਲਈ ਸੀ। ਗੁਰੂ ਜੀ ਨੇ 15 ਮਈ 1628 ਈ. ਵਾਲੇ ਦਿਨ

ਸ਼ਾਹੀ ਫੌਜ ਨੂੰ ਅੰਮ੍ਰਿਤਸਰ ਨੇੜੇ ਪੁੱਜਿਆਂ ਸੁਣ ਕੇ ਆਪਣੇ ਸੂਰਬੀਰ ਯੋਧੇ ਜਰਨੈਲਾਂ ਨੂੰ ਮੋਰਚੇ ਸੰਭਾਲਣ ਦਾ ਹੁਕਮ ਕਰ ਦਿੱਤਾ। ਤੀਜੇ ਦਿਨ ਗੁਰੂ ਜੀ ਦੀ ਸਪੁਤਰੀ ਦਾ ਆਨੰਦ ਕਾਰਜ ਹੋਣਾ ਸੀ। ਬੀਬੀ ਵੀਰੋ ਜੀ ਦੀ ਬਰਾਤ ਅੰਮ੍ਰਿਤਸਰ ਆ ਰਹੀ ਸੀ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪਰਿਵਾਰ ਨੂੰ ਝਬਾਲ ਪਿੰਡ ਪਹੁੰਚਾ ਦਿੱਤਾ ਸੀ ਅਤੇ ਆ ਰਹੀ ਬਰਾਤ ਨੂੰ ਝਬਾਲ ਪੁੱਜਣ ਦਾ ਸੁਨੇਹਾ ਭੇਜ ਦਿੱਤਾ ਸੀ।

ਪਿੱਪਲੀ ਸਾਹਿਬ ਦੇ ਨੇੜੇ ਸ਼ਾਹੀ ਫੌਜ ਦਾ ਸਿੱਖਾਂ ਨਾਲ ਆਮੋ-ਸਾਹਮਣੇ ਟਾਕਰਾ ਹੋ ਗਿਆ। ਦੋਹਾਂ ਪਾਸਿਆਂ ਦੇ ਸੂਰਮੇ ਆਪਣੇ ਆਪਣੇ ਜੌਹਰ ਦਿਖਾਉਣ ਲੱਗੇ। ਇਹ ਪੰਜਾਬ ਦੀ ਧਰਤੀ ਉੱਪਰ ਪਹਿਲੀ ਲੋਕ ਜੰਗੀ ਸੀ। ਜਿਸ ਵਿੱਚ ਕਿਸੇ ਧਨ, ਜਮੀਨ ਜਾਂ ਹੋਰ ਦੁਨਿਆਵੀ ਪਦਾਰਥ ਦਾ ਰੋਲਾ ਨਹੀਂ ਸੀ। ਸਿਰਫ ਸਿੱਖ ਆਪਣੀ ਆਜਾਦੀ ਅਤੇ ਅਣਖ ਲਈ ਸੀਸ ਤਲੀ ਉੂਪਰ ਧਰ ਕੇ ਸਰਕਾਰ ਦੀਆਂ ਵਧੀਕੀਆਂ ਅਤੇ ਜੁਲਮ ਦੇ ਖਿਲਾਫ ਮੈਦਾਨ ਵਿੱਚ ਨਿੱਤਰ ਆਏ ਸਨ। ਗੁਰੂ ਜੀ ਵੀ ਲੋਹਗੜ੍ਹ ਕਿਲੇ ਵਿੱਚ ਪੁਜ ਗਏ ਸਨ। ਉਨ੍ਹਾਂ ਨੇ ਸਿੱਖਾਂ ਨੂੰ ਹੱਲਾ-ਸ਼ੇਰੀ ਦਿੱਤੀ, ਗੁਰੂ ਜੀ ਕੋਲ ਇਨੀ ਵੱਡੀ ਸਿੱਖਾਂ ਦੀ ਗਿਣਤੀ ਵੀ ਨਹੀਂ ਸੀ। ਚੋਣਵੇ ਸੂਰਬੀਰ ਯੋਧੇ ਬਿਨਾਂ ਲਾਲਚ ਦੇ ਗੁਰੂ  ਉਪਰ ਕੁਰਬਾਨ ਹੋਣ ਵਾਲੀਆਂ ਰੂਹਾਂ ਸਨ, ਗੁਰੂ ਜੀ ਨੇ ਪੱਥਰ-ਤੋਪ ਚਲਾਉਣ ਦਾ ਹੁਕਮ ਕਰ ਦਿੱਤਾ।

ਉਹ ਤੋਪ ਜੋ ਖੇਮਕਰਨ ਦੇ ਤਰਖਾਨ ਮੋਹਰੀ ਨੇ ਇਕ ਸੁੱਕੇ ਦਰੱਖਤ ਨੂੰ ਕੱਟ ਕੇ ਬਣਾਈ ਸੀ। ਸਿੱਖਾਂ ਨੇ ਪੂਰੇ ਜੋਸ਼ ਨਾਲ ਕਿਲ੍ਹੇ ਦੇ ਅੰਦਰੋਂ ਪੱਥਰਾਂ ਦੀ ਬਾਰਿਸ਼ ਕਰ ਦਿੱਤੀ ਜਦੋਂ ਸ਼ਾਹੀ ਫੋਜ ਦੇ ਪੈਰ ਉਖੜਨ ਲਗੇ, ਕਾਫੀ ਮੁਗਲ ਜਖਮੀ ਹੋਏ ਤਾਂ ਫੌਜਦਾਰ ਮੁਖਲਿਸ ਖਾਨ ਨੇ ਵੰਗਾਰਿਆ, ਤੁਸੀਂ ਸੂਰਮਿਆਂ ਦੀ ਔਲਾਦ ਹੋ ਤੇ ਉਧੱਰ ਫਕੀਰਾਂ ਦਾ ਟੋਲਾ ਹੈ। ਘਬਰਾਓ ਨਹੀਂ ਹਿੰਮਤ ਕਰੋ, ਸ਼ਾਹੀ ਫੋਜ ਸ਼ਰਮ ਦੀ ਮਾਰੀ ਹਨੇਰਾ ਹੋਣ ਤਕ ਲੜਦੀ ਰਹੀ।

ਦੂਜੇ ਦਿਨ ਪੈਂਦੇ ਖਾਂ ਨੇ ਪਹਿਲੇ ਹੱਲੇ ਵਿੱਚ ਹੀ ਲੋਹਗੜ੍ਹ ਕਿਲ੍ਹੇ ਤੋਂ ਬਾਹਰ ਨਿਕਲ ਕੇ ਮੁਖਲਿਸ ਖਾਨ ਦੇ ਸਾਥੀ ਦੀਦਾਰ ਨੂੰ ਮਾਰ ਮੁਕਾਇਆ। ਗੁਰੂ ਜੀ ਨੇ ਮੁਖਲਿਸ ਖਾਨ ਤੇ ਤਿੰਨ ਵਾਰ ਰੋਕੇ, ਤੇ ਖੰਡੇ ਦਾ ਅਜਿਹਾ ਵਾਰ ਕੀਤਾ, ਜਿਹੜਾ ਉਹ ਰੋਕ ਨਾ ਸਕਿਆ, ਢਾਲ ਨੂੰ ਚੀਰਦਾ ਹੋਇਆ ਉਸ ਨੂੰ ਦੋ ਫਾੜ ਕਰ ਗਿਆ। ਫੌਜ ਆਪਣੇ ਢੀਂਗਾਂ ਮਾਰਨ ਵਾਲੇ ਆਗੂ ਨੂੰ ਮਰਿਆ ਵੇਖ ਕੇ ਮੈਦਾਨ ਛੱਡ ਕੇ ਭੱਜ ਗਈ। ਗੁਰੂ ਜੀ ਨੇ ਜਿਹੜੇ ਸਿੱਖ ਜੰਗ ਵਿੱਚ ਲੜਦਿਆਂ ਸ਼ਹੀਦੀਆਂ ਪਾ ਗਏ, ਉਨ੍ਹਾਂ ਦਾ ਆਪਣੇ ਹੱਥੀ ਸਰੀਰਾਂ ਨੂੰ ਇਕੱਠਾ ਕਰਕੇ ਸੰਸਕਾਰ ਕੀਤਾ। ਗੁਰੂ ਜੀ ਦੀ ਜਿੱਤ ਹੋਈ।

ਇਸ ਜੰਗ ਵਿੱਚ ਪੈਂਦੇ-ਖਾਂ ਨੇ ਬੜੀ ਦਲੇਰੀ ਨਾਲ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ। ਪੈਂਦੇ ਖਾਂ ਨੂੰ ਗੁਰੂ ਜੀ ਨੇ ਆਪਣੇ 5 ਪੁਤਰਾਂ ਤੋਂ ਵੱਧ ਪਿਆਰ ਦੇ ਕੇ ਪਾਲਿਆ ਸੀ, ਇਹ ਬਹੁਤ ਤਕੜਾ ਪਹਿਲਵਾਨ ਵੀ ਸੀ। ਘੋੜੇ ਨੂੰ ਚੁਕ ਲੈਂਦਾ ਸੀ। ਜਦੋਂ ਘੋੜੇ ਤੇ ਬੈਠਦਾ ਸੀ ਕਹਿੰਦੇ ਹਨ ਉਸ ਦੀ ਟੰਗਾਂ ਲਿਫ ਜਾਂਦੀਆਂ ਸਨ, ਇਸਦਾ ਸਰੀਰ ਕਾਫੀ ਭਾਰਾ ਸੀ, ਗੁਰੂ ਜੀ ਇਸ ਨੂੰ ਪੂਰੀ ਖੁਰਾਕ ਦੇਂਦੇ ਸਨ। ਗੁਰੂ ਜੀ ਨੂੰ ਇਸ ਨੂੰ ਸਭ ਸ਼ਸਤਰਾਂ ਦੀ ਸਿਖਲਾਈ ਦਿੱਤੀ ਸੀ।

ਜੰਗ ਤੋਂ ਬਾਦ ਗੁਰੂ ਜੀ ਸਿੱਖਾਂ ਨੂੰ ਨਾਲ ਲੈ ਕੇ ਪਿੰਡ ਝਬਾਲ ਪੁੱਜ ਗਏ। ਸਵੇਰੇ ਬੀਬੀ ਵੀਰੋ ਜੀ ਦਾ ਆਨੰਦ-ਕਾਰਜ ਹੋਇਆ, ਸਿੱਖਾਂ ਨੇ ਆਏ ਬਰਾਤੀਆਂ ਦੀ ਬੜੀ ਸ਼ਰਧਾ ਤੇ ਪਿਆਰ ਨਾਲ ਸੇਵਾ ਕੀਤੀ। ਗੁਰੂ ਜੀ ਨੇ ਸਪੁੱਤਰੀ ਬੀਬੀ ਵੀਰੋ ਜੀ ਨੂੰ ਸੋਹਰੇ ਜਾਣ ਵੇਲੇ ਸਿਖਸ਼ਾ ਦਿੱਤੀ ਕਿ ਅੱਜ ਤੋਂ ਬਾਦ ਤੁਹਾਡੇ ਮਾਤਾ ਪਿਤਾ ਸੱਸ ਤੇ ਸਹੁਰਾ ਜੀ ਹਨ, ਇਨ੍ਹਾਂ ਦੀ ਸੇਵਾ ਬੜੇ ਪਿਆਰ, ਸਤਿਕਾਰ ਨਾਲ ਕਰਨਾ, ਦੂਜਾ ਆਪਣੇ ਪੇਕੇ ਦਾ ਮਾਣ ਨਹੀਂ ਕਰਨਾ, ਸਸ ਸੋਹਰੇ ਅਤੇ ਪਤਿ ਦੀ ਆਗਿਆ ਵਿਚ ਰਹਿਣਾ ਤੁਹਾਡਾ ਪੇਕੇ ਤੇ ਸਹੁਰੇ ਵਿੱਚ ਮਾਣ ਸਤਿਕਾਰ ਬਣਿਆ ਰਹੇਗਾ। ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਨੂੰ ਜੋ ਬੀਬੀ ਭਾਨੀ ਜੀ ਸਨ, ਉਨ੍ਹਾਂ ਨੂੰ ਵੀ ਪਿਤਾ ਜੀ ਨੇ ਤਿੰਨ ਸਿਖਸ਼ਾ ਦਿੱਤੀਆਂ ਸਨ। ਤਿੰਨ ਭਭੈ -

1. ਭਾਣਾ ਮੰਨਣਾ
2. ਭੁੱਲ ਜਾਣਾ
3. ਭਲਾ ਮਨਾਉਣਾ

ਅੱਜ-ਤੱਕ ਸਿੱਖ ਬੀਬੀਆਂ ਨੂੰ ਜੋ ਬੀਬੀ ਭਾਨੀ ਜੀ ਦੀਆਂ ਵਾਰਸਾਂ ਹਨ ਉਨ੍ਹਾਂ ਨੂੰ ਲਾਵਾਂ ਵੇਲੇ ਸਿਆਣੇ ਗੁਰਮੁਖ ਗੁਰਸਿੱਖ ਪਰਿਵਾਰਾਂ ਵਾਲੇ ਇਹੀ ਸਿਖਸ਼ਾ ਦੇਂਦੇ ਹਨ। ਜਿਹੜੇ ਅਪਨਾਉਂਦੇ ਹਨ ਸੁਖੀ ਜੀਵਨ ਬਤੀਤ ਕਰਦੇ ਹਨ, ਜਿਹੇੜੇ ਮਨਮੁਖ ਹਨ ਦੁਖੀ ਹੁੰਦੇ ਹਨ, ਗੁਰੂ ਜੀ ਕ੍ਰਿਪਾ ਕਰਨ ਮਨ, ਬਚਨ, ਕਰਮ ਕਰਕੇ ਸਿੱਖੀ ਕਮਾਈਏ, ਸੁਖੀ ਰਹੀਏ।

ਭੁਲ-ਚੁਕ ਮਾਫ।

# ਨਿਮਰਤਾ ਕੀ ਹੈ?

*[ਭਾਈ ਗੋਬਿੰਦ ਸਿੰਘ ਮਨਸੁਖਾਨੀ ਜੀ]*

ਅਕਾਲ ਪੁਰਖ ਸਾਰੇ ਮਨੁੱਖਾਂ ਦਾ ਪਿਤਾ ਹੈ। ਕਿਸੇ ਦੀ ਹੇਠੀ ਜਾਂ ਅਪਮਾਨ ਕਰਨਾ, ਉਸ ਜੀਵ ਵਿਚ ਵਸਦੇ ਪਰਮਾਤਮਾ ਨੂੰ ਦੁਖਾਣ ਦੇ ਤੁੱਲ ਹੈ। ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਸਭਨਾਂ ਅੰਦਰ ਰੱਬ ਵਸਦਾ ਹੈ, ਇਸ ਲਈ ਸਭਨਾਂ ਦੇ ਚਰਨਾਂ ਦੀ ਧੂੜ ਹੋ ਕੇ ਰਹਿਣਾ ਚਾਹੀਦਾ ਹੈ।

ਸਿਆਣਿਆਂ ਦਾ ਕਥਨ ਹੈ - ਹੰਕਾਰ ਦੇ ਜ਼ਹਿਰ ਦਾ ਇਲਾਜ ਨਿਮਰਤਾ ਹੈ।'

ਸਰੀਰ ਦੇ ਪੰਜ ਗਿਆਨ-ਇੰਦਰੇ ਹਨ - ਅੱਖਾਂ, ਮੂੰਹ, ਕੰਨ, ਨੱਕ ਤੇ ਹੱਥ। ਇਹ ਸਰੀਰ ਦੇ ਉਪਰਲੇ ਹਿੱਸੇ ਦੇ ਅੰਗ ਹਨ, ਇਹ ਸਹਿਜੇ ਹੀ ਪਾਪਾਂ ਦੀ ਲਪੇਟ ਵਿਚ ਆ ਜਾਂਦੇ ਹਨ ਪਰ ਪੈਰ ਸਰੀਰ ਦੇ ਸਭ ਤੋਂ ਹੇਠਾਂ ਸਥਿਤ ਹਨ, ਇਹ ਬੁਰਾਈ ਵਿਚ ਬਹੁਤ ਘੱਟ ਪੈਂਦੇ ਹਨ। ਭਾਰਤ ਵਿਚ ਚਰਨਾਂ ਦਾ ਸਤਿਕਾਰ ਹੁੰਦਾ ਹੈ ਅਤੇ ਨਮਸਕਾਰ ਸਮੇਂ ਚਰਨ ਪਰਸੇ ਜਾਂਦੇ ਹਨ।

ਫੋਕੇ ਅਭਿਮਾਨੀ ਤੇ ਘੁਮੰਡੀ ਮਨੁੱਖ ਆਪਣੇ ਸਾਥੀਆਂ ਨੂੰ ਤੇ ਆਪਣੇ ਤੋਂ ਉੱਚਿਆਂ ਨੂੰ ਵੀ ਵੰਗਾਰਦੇ ਹਨ। ਉਹ ਇਹ ਘੱਟ ਹੀ ਸੋਚਦੇ ਹਨ ਕਿ ਉਨ੍ਹਾਂ ਨਾਲੋਂ ਚੰਗੇ ਤੇ ਸਿਆਣੇ ਹੋਰ ਮਨੁੱਖ ਵੀ ਹਨ। ਉਨ੍ਹਾਂ ਵਿਚ ਭਰਾਤ੍ਰੀ-ਭਾਵ ਦੀ ਘਾਟ ਹੁੰਦੀ ਹੈ। ਮਨੁੱਖੀ ਭਾਈਚਾਰੇ ਦੀ ਭਾਵਨਾ ਹੋਵੇ, ਤਾਹੀਓਂ ਮਨੁੱਖ ਦੂਜਿਆਂ ਨਾਲ ਸੁਸ਼ੀਲਤਾ ਤੇ ਗੰਭੀਰਤਾ ਨਾਲ ਵਰਤ ਸਕਦਾ ਹੈ।

ਗੁਰੂ ਸਾਹਿਬਾਨ ਨੇ ਨਿਮਰਤਾ ਤੇ ਹਲੀਮੀ ਦੀਆਂ ਕਈ ਮਿਸਾਲਾਂ ਪੇਸ਼ ਕੀਤੀਆਂ ਹਨ। ਜਦੋਂ ਦਾਤੂ ਨੇ ਬਿਰਧ ਅਵਸਥਾ ਦੇ ਗੁਰੂ ਅਮਰਦਾਸ ਜੀ ਨੂੰ ਲੱਤ ਕੱਢ ਮਾਰੀ ਤਾਂ ਗੁਰੂ ਮਹਾਰਾਜ ਨੇ ਕੋਈ ਰੋਸ ਨਹੀਂ ਸੀ ਕੀਤਾ, ਸਗੋਂ ਬੜੀ ਨਿਮਰਤਾ ਨਾ ਆਖਿਆ ਕਿ "ਮੇਰੀਆਂ ਸਖ਼ਤ ਹੱਡੀਆਂ ਨਾਲ ਤਹਾਡੇ ਕੋਮਲ ਚਰਨਾਂ ਨੂੰ ਸੱਟ ਵੱਜੀ ਹੋਵੇਗੀ।" ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸਿਰੀ ਚੰਦ ਜੀ ਨੇ ਹਾਸੇ ਹਾਸੇ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੂੰ ਪੁੱਛਿਆ ਕਿ ਉਨ੍ਹਾਂ ਨੇ ਏਨੀ ਲੰਮੀ ਦਾੜ੍ਹੀ ਕਿਉਂ ਰੱਖੀ ਹੋਈ ਹੈ? ਤਾਂ ਗੁਰੂ ਜੀ ਨੇ ਉੱਤਰ ਦਿੱਤਾ - "ਤਹਾਡੇ ਪਵਿੱਤਰ ਚਰਨਾਂ ਦੀ ਧੂੜ ਝਾੜਨ ਲਈ।" ਬਾਬਾ ਸਿਰੀ ਚੰਦ ਜੀ ਗੁਰੂ ਸਾਹਿਬ ਦੀ ਨਿਮਰਤਾ ਤੋਂ ਬਹੁਤ ਪ੍ਰਭਾਵਿਤ ਹੋਏ।

ਜਿਥੇ ਨਿਮਰਤਾ ਹੈ ਉਥੇ ਹਉਮੈ ਦਾ ਤਿਆਗ ਹੈ। ਇਹ ਹਉਮੈ ਹੀ ਹੈ ਜੋ 'ਆਪਣਾ ਮੂਲ ਪਛਾਣਨ' ਵਿਚ ਤੇ ਮੁਕਤੀ ਦੇ ਰਾਹ ਵਿਚ ਰੁਕਾਵਟ ਹੈ। ਗੁਰੂ ਦੇ ਸ਼ਬਦ ਦੁਆਰਾ ਹੰਕਾਰ ਦਾ ਨਾਸ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਉਪਦੇਸ਼ ਦਿੰਦੇ ਹਨ -

***ਸਭ ਕੀ ਰੇਨੁ ਹੋਇ ਰਹੈ ਮਨੂਆ***
***ਸਗਲੇ ਦੀਸਹਿ ਮੀਤ ਪਿਆਰੇ॥***
***ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ***
***ਦੇਤ ਸਭਿ ਜੀਅ ਸਮਾਰੇ॥*** ***ਅੰਗ - 379***

ਅਸਲ ਵਿਚ ਨਿਰਮਾਣ ਲੋਕ ਹੀ ਮਹਾਨ ਹਨ ਤੇ ਰੱਬ ਦੀ ਦਰਗਾਹ ਵਿਚ ਉਤਮ ਗਿਣੇ ਜਾਂਦੇ ਹਨ। ਫੁਰਮਾਨ ਹੈ -

***ਆਪਸ ਕਉ ਜੋ ਜਾਣੈ ਨੀਚਾ॥***
***ਸੋਊ ਗਨੀਐ ਸਭ ਤੇ ਊਚਾ॥***
***ਜਾ ਕਾ ਮਨੁ ਹੋਇ ਸਗਲ ਕੀ ਰੀਨਾ॥***
***ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥***
***ਅੰਗ - 266***

ਸੱਚੀ ਨਿਮਰਤਾ ਦੁਆਰਾ ਰੱਬ ਦੀ ਰਜ਼ਾ ਵਿਚ ਰਹਿਣ ਦੀ ਪ੍ਰੇਰਨਾ ਮਿਲਦੀ ਹੈ। ਇਥੋਂ ਤਕ ਕਿ ਮਨੁੱਖੀ ਆਤਮਾ ਨੂੰ ਪਰਮਾਤਮਾ ਵਿਚ ਅਭੇਦ ਹੋਣ ਵਿਚ ਇਹ ਨਿਮਰ-ਭਾਵ ਹੀ ਸਹਾਈ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਹਨ -

***ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥***
***ਅਤੇ***
***... ਨਿਵੈ ਸੁ ਗਉਰਾ ਹੋਇ॥*** ***ਅੰਗ - 470***

# ਸੁਖਮਨੀ ਸਾਹਿਬ

*[ਸੰਪਾਦਕ]*

ਇਹ ਸੁਖਮਨੀ ਸਾਹਿਬ, ਘਰ ਹੈ ਸੁੱਖਾਂ ਦੀ।
ਆਰੀ ਹੈ ਪਾਪਾਂ ਲਈ, ਦੁਸ਼ਮਨ ਹੈ ਦੁੱਖਾਂ ਦੀ।
ਇਸ ਮੰਗਤੇ ਅਤੇ ਗਦਾਵਾਂ ਨੂੰ, ਹੈ ਸ਼ਹਿਨਸ਼ਾਹ ਬਣਾ ਦਿੱਤਾ।
ਇਹ ਛੋਹ ਗਈ ਜੋ ਸ਼ਹਿਨਸ਼ਾਹ ਨੂੰ, ਰੱਬ ਦੇ ਨਾਲ ਮਿਲਾ ਦਿੱਤਾ।
ਆਸ਼ਕ ਜਿਹੜਾ ਇਸਦਾ ਏ, ਉਹ ਇਸਦੇ ਮਿਲਿਆਂ ਜੀਂਦਾ ਏ।
ਉਹ ਇਸਨੂੰ ਆਬੋ-ਹਯਾਤ ਸਮਝ ਕੇ, ਚੁਲੀਆਂ ਭਰ ਭਰ ਪੀਂਦਾ ਏ।
ਇਹ ਜੀਵਨ ਹੈ ਸੰਤਾਂ ਦਾ, ਇਹ ਸੰਤਾਂ ਦਾ ਸਰਮਾਇਆ ਏ।
ਇਹ ਸੰਤਾਂ ਦਾ ਖਾਣਾ ਪੀਣਾ, ਇਹ ਸੰਤਾਂ ਦੀ ਮਾਇਆ ਏ।
ਇਹ ਕੁੰਜੀ ਹੈ ਦੌਲਤ ਦੀ, ਤੇ ਇਸ ਵਿਚ ਗੁਪਤ ਖ਼ਜ਼ਾਨਾ ਏ।
ਇਹ ਕਾਮਧੇਨ ਇਹ ਕਲਪ ਬ੍ਰਿਛ, ਇਹ ਰੋਗਾਂ ਲਈ ਸਫ਼ਾਖ਼ਾਨਾ ਏ।
ਇਹ ਹੱਥਾਂ ਦੇ ਪਰਤਾਵੇ ਨੇ, ਇਸ ਮੋਏ ਰੂਹ ਜਿਵਾ ਦਿੱਤੇ।
ਇਸ ਕੋਹੜੀ ਜਿਹੇ ਵਜ਼ੀਰ ਖ਼ਾਨ ਵੀ, ਕੰਚਨ ਜਿਹੇ ਬਣਾ ਦਿੱਤੇ।
ਇਹ ਅੰਮ੍ਰਿਤ ਸੱਚਖੰਡ ਦਾ ਹੈਸੀ, ਮਿਲਿਆ ਕੋਈ ਆਸਾਨ ਨਹੀਂ।
ਦੁੱਖਾਂ ਨਾਲ ਪਰਾਪਤ ਹੋਈ, ਬੇਵਾਕਫ਼ ਕੋਈ ਇਨਸਾਨ ਨਹੀਂ।
ਆਪਣੇ ਆਪ ਨੂੰ ਦੁੱਖ ਵਿਚ ਪਾ ਕੇ, ਆਲੂ ਵਾਂਗ ਉਬਾਲਿਆ ਸੀ।
ਤੱਤਾ ਰੇਤਾ ਸੜਦਾ ਬਲਦਾ, ਸਿਰ ਦੇ ਵਿਚ ਪਵਾਇਆ ਸੀ।
ਤੱਤੀ ਲੋਹ ਭਖੀ ਅੰਗਿਆਰੇ ਵਾਂਗਰ, ਜਿਸ ਉਸ ਤੋਂ ਚੌਂਕੜੀ ਲਾਈ ਸੀ।
ਉਸੇ ਹੀ ਗੁਰੂ ਅਰਜਨ ਨੇ, ਇਹ ਸੁਖਮਨੀ ਸਾਹਿਬ ਬਣਾਈ ਸੀ।
ਦਿਲ ਵਿਚ ਗੁਪਤ ਖ਼ਜ਼ਾਨਾ ਸੀ, ਉਹਨੂੰ ਸੁਖਮਨੀ ਰੂਪ ਬਣਾ ਦਿੱਤਾ।
ਤੇ ਤੁਰਦੀ ਵਾਰੀ ਗੁਰੂ ਅਰਜਨ ਨੇ, ਸਿੱਖਾਂ ਦੀ ਝੋਲੀ ਪਾ ਦਿੱਤਾ।
ਇਹਦੀ ਇਕ ਇਕ ਤੁਕ ਅੰਦਰ, ਭਰਿਆ ਮਤਲਬ ਵੇਦ ਪੁਰਾਨਾਂ ਦਾ।
ਏਥੇ ਅਰਥ ਹੈ ਗੀਤਾ ਮਹਾਂਭਾਰਤ ਦਾ, ਤੱਤ ਅੰਜੀਲ ਕੁਰਾਨਾਂ ਦਾ।
ਇਸ ਵਿਚ ਕੁਝ ਕੁਝ ਚੋਭਾਂ ਨੇ, ਚੋਭਾਂ ਵਿਚ ਮਿੱਠੀਆਂ ਪੀੜਾਂ ਨੇ।
ਪੀੜਾਂ ਵਿਚ ਡੂੰਘੀਆਂ ਰਮਜ਼ਾਂ ਨੇ, ਤਕਦੀਰ ਲਈ ਤਦਬੀਰਾਂ ਨੇ।
ਇਸ ਵਿਚ ਉੱਚਾ ਜੀਵਨ ਹੈ, ਇਹ ਰੱਬ ਦੇ ਵੱਸ ਦੀ ਜੁਗਤੀ ਏ।
ਇਹ ਰਹਿਮਤ ਹੈ ਇਹ ਬਖ਼ਸ਼ਸ਼ ਹੈ, ਏਸੇ ਤੋਂ ਮਿਲਦੀ ਮੁਕਤੀ ਹੈ।
ਇਹ ਪੱਤਰੇ ਨਹੀਂ ਇਹ ਅੱਖਰ ਨਹੀਂ, ਇਹ ਸੀਨਾ ਹੈ ਗੁਰੂ ਅਰਜਨ ਦਾ।
ਦਰਸ਼ਨ ਕਰਨਾ ਸੁਖਮਨੀ ਦਾ, ਇਹ ਦਰਸ਼ਨ ਹੈ ਗੁਰੂ ਅਰਜਨ ਦਾ।
ਇਸ ਵਿਚ ਐਸੀ ਸ਼ਕਤੀ ਏ, ਜੋ ਫ਼ਰਸ਼ੋਂ ਅਰਸ਼ ਪੁਚਾਂਦੀ ਏ।
ਸੱਚਖੰਡ ਵਿਖਲਾਂਦੀ ਏ, ਨਾਨਕ ਦੀ ਝੋਲੀ ਪਾਂਦੀ ਏ।
ਇਹ ਰਹਿਮਤ ਵਿਚ ਜਦ ਆਂਦੀ ਏ, ਇਹ ਭੋਲੀਆਂ ਭਰਦੀ ਜਾਂਦੀ ਏ।
ਜਿਹੜਾ ਇਹਦੀ ਸੇਵਾ ਕਰਦਾ ਏ, ਉਹਨੂੰ ਦੁਨੀਆ ਸੀਸ ਝੁਕਾਂਦੀ ਏ।
ਇਹ ਸਿਦਕ ਦੀ ਬੇੜੀ ਏ, ਤੇ ਸਿਦਕ ਹੀ ਪਾਰ ਲਗਾਂਦਾ ਏ।
ਬੇ-ਸਿਦਕਾ ਤਾਹੀਓਂ ਹੀ 'ਦਰਦੀ', ਹਰ ਕੋਈ ਗੋਤੇ ਖਾਂਦਾ ਏ।

# ਜੱਥੇ ਦੀ ਤਰੱਕੀ ਬਾਰੇ ਵਿਚਾਰ

*[ਸੰਪਾਦਕ]*

ਪੁਰਾਤਨ ਮਰਜੀਵੜਿਆਂ ਅਤੇ ਨਾਮ-ਰਸ 'ਚ ਭਿੱਜੀਆਂ ਰੂਹਾਂ ਨੂੰ ਮਿਲ ਕੇ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਸਮੇਂ ਅਖੰਡ ਕੀਰਤਨ ਦੇ ਅਖਾੜੇ ਜਦੋਂ ਜੁੜਦੇ ਸਨ, ਕਈ ਪਹਿਰਾਂ ਤਕ ਗੁਰਮੁਖ ਰੂਹਾਂ ਕੀਰਤਨ ਦਾ ਆਨੰਦ ਮਾਣਦੀਆਂ ਸਨ। ਇਸੇ ਕੀਰਤਨ ਦਾ ਨਿੱਘਾ ਆਨੰਦ ਕਈ ਸਾਲਾਂ ਤਕ ਭਾਈ ਸਾਹਿਬ ਜੀ ਤੋਂ ਬਾਅਦ ਵੀ ਸੰਗਤਾਂ ਮਾਣਦੀਆਂ ਰਹੀਆਂ। ਆਪਸੀ ਪਿਆਰ ਅਤੇ ਮਿਲਵਰਤਣ ਦੀਆਂ ਕਈ ਉਦਾਹਰਣਾਂ ਸਾਡੇ ਬਜ਼ੁਰਗ ਬੜੇ ਉਤਸ਼ਾਹ ਨਾਲ ਦੱਸਦੇ ਹਨ ਕਿ ਸਿੰਘਾਂ ਵਿਚ ਈਰਖਾ ਵਰਗੀ ਕੋਈ ਚੀਜ਼ ਲੱਭਣ ਤੇ ਵੀ ਨਹੀਂ ਸੀ ਦਿੱਸਦੀ। ਨਵੀਂ ਪੀੜ੍ਹੀ ਦੇ ਚੰਦ ਕੁ ਬੱਚੇ ਜਿਹੜੇ ਨਸ਼ਿਆਂ, ਪਤਿਤਪੁਣੇ ਅਤੇ ਹੋਰ ਕੁਰਹਿਤਾਂ ਤੋਂ ਬਚਦੇ ਹੋਏ ਗੁਰਸਿੱਖੀ ਵੱਲ ਤੁਰਨ ਦੀ ਕੋਸ਼ਿਸ਼ ਕਰਦੇ ਹਨ, ਅੱਜ ਉਹ ਅਕਸਰ ਸਵਾਲ ਕਰਦੇ ਹਨ ਕਿ ਵਾਕਿਆ ਹੀ ਪੁਰਾਤਨ ਗੁਰਸਿੱਖਾਂ ਦੇ ਵਿਚ ਇਤਨਾ ਪਿਆਰ ਅਤੇ ਨਿਮਰਤਾ ਮੌਜੂਦ ਸੀ ਜਾਂ ਇਹ ਨਿਰੀਆਂ ਗੱਲਾਂ ਹੀ ਹਨ। ਜੇਕਰ ਨਿਮਰਤਾ ਅਤੇ ਆਪਸੀ ਪਿਆਰ ਹੀ ਹਰ ਇਕ ਸਿੱਖ ਦਾ ਆਧਾਰ ਹੁੰਦਾ ਸੀ ਤਾਂ ਫਿਰ ਇਹੀ ਨਿਮਰਤਾ, ਅਹੰਕਾਰ ਅਤੇ ਇਹੀ ਪਿਆਰ ਆਪਸੀ ਈਰਖਾ ਵਿਚ ਕਿਉਂ ਬਦਲ ਰਿਹਾ ਹੈ।

# ਜੀਵਨ ਘਟਨਾਵਲੀ ਸ੍ਰੀ ਗੁਰੂ ਅਮਰਦਾਸ ਜੀ

**ਜਨਮ ਦਿਨ** - ਵਿਸਾਖ ਸੁਦੀ ੧੪ (੮ ਜੇਠ) ਸੰਮਤ ੧੫੩੬ ਮੁਤਾਬਿਕ ੫ ਮਈ ਸੰਨ ੧੪੭੯।

**ਜਨਮ ਨਗਰੀ** - ਬਾਸਰਕੇ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ।

**ਮਾਤਾ ਪਿਤਾ** - ਪਿਤਾ ਸ੍ਰੀ ਤੇਜਭਾਨ ਜੀ, ਮਾਤਾ ਸ੍ਰੀ ਸੁਲੱਖਣੀ ਜੀ।

**ਵਿਆਹ** - ੧੧ ਮਾਘ ਸੰਮਤ ੧੫੫੯ ਨੂੰ ਸਣਖਤਰੇ ਪਿੰਡ ਸ੍ਰੀ ਦੇਵੀ ਚੰਦ ਜੀ ਬਹਿਲ ਖਤਰੀ ਦੀ ਸਪੁੱਤਰੀ ਬੀਬੀ ਰਾਮ ਕੌਰ ਜੀ ਨਾਲ ਹੋਇਆ।

**ਸੰਤਾਨ** - ਦੋ ਸਾਹਿਬਜ਼ਾਦੇ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ, ਦੋ ਸਪੁੱਤਰੀਆਂ - ਬੀਬੀ ਦਾਨੀ ਜੀ ਅਤੇ ਬੀਬੀ ਭਾਨੀ ਜੀ।

**ਗੁਰ ਮਿਲਾਪ** - ਸੰਮਤ ੧੫੯੭ ਵਿਚ ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ।

**ਗੋਇੰਦਵਾਲ ਵਸਾਇਆ** - ਸੰਮਤ ੧੬੦੬।

**ਗੁਰਿਆਈ** - ਖਡੂਰ ਸਾਹਿਬ (ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ) ਚੇਤ ਸੁਦੀ ੪ (੩ ਵੈਸਾਖ)
ਸੰਮਤ ੧੬੦੯ ਮੁਤਾਬਕ ੨੯ ਮਾਰਚ ਸੰਨ ੧੫੫੨।

**ਬਾਉਲੀ ਸਾਹਿਬ ਤਿਆਰ ਕਰਵਾਈ** - ਸੰਮਤ ੧੬੧੬ ਤੋਂ ਸੰਮਤ ੧੬੨੧ ਤੀਕ।

**ਜੋਤੀ ਜੋਤਿ ਸਮਾਏ** - ਗੋਇੰਦਵਾਲ ਭਾਦੋਂ ਸੁਦੀ ੧੪ (੧ ਅੱਸੂ) ਸੰਮਤ ੧੬੩੧ ਮੁਤਾਬਿਕ ੧ ਸਤੰਬਰ ਸੰਨ ੧੫੭੪)

# ਦੁਖ

ਦੁਖ ਵੀ ਇਕ ਬਖ਼ਸ਼ਿਸ਼ ਹੈ। ਦਾਰੂ ਵੀ ਹੈ। ਜੀਵਨ ਦੇ ਵਿਚ ਦੁਖ ਤੋਂ ਬਿਨਾਂ ਨਿਖਾਰ ਨਹੀਂ ਆਉਂਦਾ। ਦੁੱਖ ਵਿਚ ਉਸ ਦੀ ਰਜ਼ਾ ਵਿਚ ਰਹਿਣਾ, ਸੁਖ ਨੂੰ ਉਸ ਦੀ ਬਖ਼ਸ਼ਿਸ਼ ਸਮਝਣਾ ਤੇ ਹਰ ਵਕਤ ਪ੍ਰਭੂ ਸਿਮਰਨ ਵਿਚ ਰਹਿਣਾ ਜੀਵਨ ਦਾ ਲਕਸ਼ ਹੈ।

ਇਸ ਜਗ ਸੁਖੀਆ ਕੋਇ ਨ ਡਿਠਾ,
ਜੋ ਡਿਠਾ ਸੋ ਦੁਖੀਆ ਹੋ।
ਰਾਜਾ, ਪਰਜਾ, ਰੰਕ, ਧਨੀ, ਨਰ,
ਕੀ ਨਾਇਕ ਕੀ ਮੁਖੀਆ ਹੋ।
ਥੋੜਾ ਘਣਾ ਤਾਂ ਹਰ ਕੋ ਦੁਖੀਆ,
ਕੀ ਗਿਰਹੀ ਕੀ ਤਿਆਗੀ ਹੋ।
ਨਾ ਕੋਈ ਸੁਖੀ ਕੁਟੰਬੀ ਏਥੇ,
ਨਾ ਕੋ ਸੁਖੀ ਵਿਰਾਗੀ ਹੋ।
ਜੋਗੀ ਦੁਖੀਆ, ਜੰਗਮ ਦੁਖੀਆ,
ਤਪਸੀ ਦਾ ਦੁਖ ਦੂਣਾ ਹੋ।
ਆਸ਼ਾ ਤ੍ਰਿਸ਼ਨਾ ਸਭਸ ਵਿਆਪੀ,
ਕੂੜ ਨ ਜਾਇ ਅਲਾਇਆ ਹੋ।
ਬ੍ਰਹਮਾ, ਵਿਸ਼ਨ ਮਹੇਸ਼ਰ ਦੁਖੀਏ,
ਜਿਨ ਇਹ ਜਗਤ ਚਲਾਇਆ ਹੈ।
ਅਉਧੂ ਦੁਖੀਆ ਰਾਜਾ ਦੁਖੀਆ,
ਦੁਖੀਆ ਰੰਕ ਅਮਿਤਿਆਂ ਹੋ।
ਕਹੇ ਕਬੀਰ ਸੁਣੋ ਭਾਈ ਸਾਧੋ,
ਸੁਖ ਕੇਵਲ ਦਿਲ ਜਿਤਿਆਂ ਹੋ। *- ਭਗਤ ਕਬੀਰ*

# ਸਹਾਇਤਾ ਆਤਮ ਰੰਗ ਅਪ੍ਰੈਲ 2022 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਅਖੰਡ ਕੀਰਤਨੀ ਜੱਥਾ, ਮੋਗਾ ਮਾਰਫਤ ਭਾਈ ਪਰਮਿੰਦਰ ਸਿੰਘ ਜੀ, ਮੋਗਾ ਸਮਾਗਮ ਤੇ | 5,000.00 |
| ◆ ਬੀਬੀ ਜਸਵਿੰਦਰ ਕੌਰ ਜੀ, ਚੰਡੀਗੜ੍ਹ | 1,000.00 |
| ◆ ਭਾਈ ਦਿਲਬਾਗ ਸਿੰਘ ਜੀ, ਲੁਧਿਆਣਾ/ਆਸਟ੍ਰੇਲਿਆ | 25,000.00 |
| ◆ ਗੁਪਤ, ਜਲੰਧਰ | 1,100.00 |
| ◆ ਭੱਟੀ ਪਰਿਵਾਰ, ਲੁਧਿਆਣਾ, ਅਪਨੀ ਮਾਤਾ ਜੀ ਦੀ ਮਿੱਠੀ ਯਾਦ ਵਿੱਚ | 5,000.00 |
| ◆ ਭਾਈ ਗੁਰਚਰਨ ਸਿੰਘ ਜੀ, ਚੰਡੀਗੜ੍ਹ | 2,500.00 |
| ◆ ਭਾਈ ਬਲਜਿੰਦਰ ਸਿੰਘ ਜੀ, ਪਉਂਟਾ ਸਾਹਿਬ, ਨਾਡਾ ਸਾਹਿਬ ਸਮਾਗਮ ਸਮੇਂ | 500.00 |
| ◆ ਭਾਈ ਪ੍ਰਿਆਦੀਪ ਸਿੰਘ ਜੀ, ਜਲੰਧਰ | 1,100.00 |
| ◆ ਭਾਈ ਅਮਰਜੀਤ ਸਿੰਘ ਜੀ ਅਲੂਣਾ, ਨਾਡਾ ਸਾਹਿਬ ਸਮਾਗਮ ਸਮੇਂ | 5,000.00 |
| ◆ ਗੁਪਤ ਮੋਗਾ, ਮੋਗਾ ਸਮਾਗਮ ਸਮੇਂ | 500.00 |
| ◆ ਔਮ. ਪੀ. ਇੰਮਪੈਕਸ ਪ੍ਰਾ. ਲਿਮਿਟਡ, ਚੰਡੀਗੜ੍ਹ | 25,000.00 |
| **ਕੁਲ ਜੋੜ** | **81,700.00** |

## Statement of Income & Expenditure for the Month of April 2022 of *Atam Rang*

| | |
|---|---|
| 1. M/s Jai Offset Printers | 30,000.00 |
| 2. Cost of Service Stamps | 13,900.00 |
| 3. Cost of envelops & printing | 14,800.00 |
| 4. Cost of Stickers | 3,600.00 |
| 5. Previous balance | 87,122.00 |
| **Total Expenditure upto 30.04.2022** | **1,49,422.00** |
| Donation | 81,700.00 |
| Membership | - |
| Sale of Books | - |
| **Total Income** | **81,700.00** |
| **Expenditure** | **1,49,422.00** |
| **Income** | **81,700.00** |
| **Difference** | **67,722.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 14 ਮਈ |
| ਪੂਰਨਮਾਸ਼ੀ | 16 ਮਈ |
| ਮੱਸਿਆ | 30 ਮਈ |
| ਪੰਚਮੀ | 6 ਮਈ |
| **ਗੁਰਪੁਰਬ** | |
| ਪ੍ਰਕਾਸ਼ ਸ੍ਰੀ ਗੁਰੂ ਅੰਗਦ ਦੇਵ ਜੀ | 1 ਮਈ |
| ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ | 15 ਮਈ |
| ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 23 ਮਈ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਗੁਰਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

## ਸਲਾਨਾ ਅਖੰਡ ਕੀਰਤਨ ਸਮਾਗਮ ਹੋਸ਼ਿਆਰਪੁਰ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹਿਦਾਂ ਦੇ ਸਰਤਾਜ ਸਾਹਿਬ ਸਰੀ ਗੁਰੂ ਅਰਜਨ ਦੇਵ ਜੀ ਮਹਾਰਾਜਨ ਦੇ ਸ਼ਹਿਦੀ ਪੁਰਬ ਨੂੰ ਸਮਰਪਿਤ ਸਲਾਨਾ ਅਖੰਡ ਕੀਰਤਨ ਸਮਾਗਮ, ਹੋਸ਼ਿਆਰਪੁਰ ਵਿਖੇ ਮਿਤੀ 14.06.2022 ਤੋਂ ਲੈ ਕੇ 17.06.2022 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਮਲਾ ਵਿਖੇ ਹੋ ਰਹੇ ਹਨ, ਜਿਸਦਾ ਵੇਰਵਾ ਅਗਲੇ ਪਰਚੇ ਵਿੱਚ ਦਿੱਤਾ ਜਾਵੇਗਾ ਜੀ। ਸੰਗਤਾਂ ਨੋਟ ਕਰ ਲੈਣ ਜੀ।

**ਦਾਸਰੇ : ਅਖੰਡ ਕੀਰਤਨ ਜੱਥਾ, ਹੋਸ਼ਿਆਰਪੁਰ।**

**ਮੋਬਾਇਲ : 9815131079**

## ਨਾਰੰਗਵਾਲ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਅਸਥਾਨ ਗੁਰਦੁਆਰਾ ਹਵੇਲੀ ਸਾਹਿਬ ਵਿਖੇ ਹਰ ਮਹੀਨੇ ਦੀ 16 ਤਾਰੀਖ ਨੂੰ ਕੀਰਤਨ ਹੋਇਆ ਕਰੇਗਾ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਿਆਰੀ, ਮਿੱਠੀ ਤੇ ਨਿੱਘੀ ਯਾਦ ਵਿੱਚ ਹਰ ਮਹੀਨੇ ਦੀ 16 ਤਾਰੀਖ ਨੂੰ ਗੁਰਦੁਆਰਾ ਹਵੇਲੀ ਸਾਹਿਬ ਭਾਈ ਸਾਹਿਬ ਜੀ ਦੇ ਜਨਮ ਅਸਥਾਨ ਵਿਖੇ ਕੀਰਤਨ ਸ਼ਾਮ ਨੂੰ 6 ਵਜੇ ਤੋਂ ਲੈ ਕੇ 8 ਵਜੇ ਤਕ ਹੋਇਆ ਕਰੇਗਾ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ਣ ਤੇ ਕੀਰਤਨ ਦੇ ਆਨੰਦ ਲੈਣ ਤੇ ਭਾਈ ਸਾਹਿਬ ਜੀ ਤੋਂ ਅਸੀਸਾਂ, ਬਖਸ਼ੀਸ਼ਾਂ ਲੈ ਕੇ ਅਪਣੀ ਜੀਵਨ ਯਾਤਰਾ ਨੂੰ ਸਫਲਾ ਕਰਨ।

**ਦਾਸਰੇ - ਭਾਈ ਕੁਲਦੀਪ ਸਿੰਘ ਜੀ, ਭਾਈ ਕਰਮਜੀਤ ਸਿੰਘ ਜੀ, ਭਾਈ ਦਲਜੀਤ ਸਿੰਘ ਭੱਟੀ ਤੇ ਸਮੂਹ ਸੰਗਤ**

**ਆਖੰਡ ਕੀਰਤਨੀ ਜੱਥਾ, ਲੁਧਿਆਣਾ - 98156-11924**

## ਰਿਸ਼ਤੇ ਨਾਤੇ

243. Looking educated Gursikh girl for Amritdhari Gursikh Tajinder Pal Singh, 5' 6", D.O.B. May 1987, B. Engg., PGD GBM from Humber College, Toronto and permanent resident of Canada & application for Canadian citizenship is under process. Currently in India and involved in his family business (Globedwise Private Limited). Father retired as Vice President with HDFC Bank, owns business in the name of Globedwise Private Limited. Contact : 7428255753
244. Wanted Amritdhar educated fair & slim girl for Amritdhari Gursikh boy 27, 5'-10", B.Com. Own business, having good income. Father retired Govt. Officer, 2 elder brothers are married and well settled. Contact : 95180-45118 (Ambala)
245. Looking Amritdhari Gursikh girl for pure vegetarian & Amritdhari Priyadeep Singh, Executive in Airport Authority of India (ATC Deptt.) Delhi, Salary 75,000 per month, D.O.B. 08.08.1992, 5'6", B.Tech. E/C from GNDU. Contact : 98159 64001, 93162 76101.

**ਨੋਟ:-** 1. ਇਹ ਰਿਸ਼ਤੇ ਸਿਰਫ ਕੇਸਕੀ-ਧਾਰੀ ਬੱਚਿਆਂ ਲਈ ਹੀ ਹਨ ਜੀ।
2. ਪੱਤਰ-ਵਿਹਾਰ ਲਈ ਸੀਰੀਅਲ ਨੰਬਰ ਅਤੇ ਮਹੀਨਾ ਨਾਲ ਦੇ ਕੇ ਕਾਰਵਾਈ ਕੀਤੀ ਜਾਵੇ ਜੀ।

# ਅਖੰਡ ਕੀਰਤਨ ਸਮਾਗਮ
# ਕੀਰਤਨ ਰੈਣ ਸਬਾਈ

## ਸ੍ਰੀ ਗੁਰਦੁਆਰਾ ਸਾਹਿਬ ਤੰਬੂ ਸਾਹਿਬ, ਸ੍ਰੀ ਮੁਕਤਸਰ ਸਾਹਿਬ ਵਿਖੇ ਕੀਰਤਨ ਰੈਣ ਸਬਾਈ ਮਿਤੀ 07-05-2022 ਦਿਨ ਸ਼ਨੀਵਾਰ ਨੂੰ ਰਾਤ 8 ਵਜੇ ਤੋਂ 08-05-2022 ਸਵੇਰੇ ਤੱਕ ਅਖੰਡ ਕੀਰਤਨ ਸਮਾਗਮ ਹੋਵੇਗਾ

ਦਸ ਗੁਰੂ ਸਾਹਿਬਨ ਦੇ ਇਸ ਸੰਸਾਰ ਤੇ ਆਗਮਨ ਦਾ ਅੰਤਮ ਉਦੇਸ਼ ਸਮੁੱਚੀ ਲੋਕਾਈ ਅਤੇ ਵਿਸ਼ਵ ਭਾਈਚਾਰੇ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਵਾਉਣਾ ਸੀ । ਸਾਹਿਬ-ਏ-ਕਮਾਲ ਸੰਤ-ਸਿਪਾਹੀ, ਸਰਬੰਸਦਾਨੀ, ਦੁਸ਼ਟ-ਦਮਨ, ਅਕਾਲੀ ਫੌਜਾਂ ਦੇ ਮਾਲਕ ਨੀਲੇ ਦੇ ਸ਼ਾਹ ਸਵਾਰ ਚੋਜੀ ਖੜਗੇਸ਼ ਪੁਰਖ ਭਗਵੰਤ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਇਸੇ ਉਦੇਸ਼ ਦੀ ਪੂਰਤੀ ਲਈ ਉਸ ਸਮੇਂ ਦੀ ਜਾਲਮ ਹਕੂਮਤ ਮੁਗਲੀਆਂ ਸਲਤਨਤ ਦੀਆਂ ਜੜ੍ਹਾਂ ਪੁੱਟ ਦਿੱਤੀਆਂ ।

ਪੁਰਾਤਨ ਅਤੇ ਵਰਤਮਾਨ ਸ਼ਹੀਦ ਸਿੰਘਾਂ ਸਿੰਘਣੀਆਂ ਅਤੇ 40 ਮੁਕਤਿਆਂ (1) ਭਾਈ ਸ਼ਮੀਰ ਸਿੰਘ (2) ਭਾਈ ਸਰਜਾ ਸਿੰਘ (3) ਭਾ: ਸਾਧੂ ਸਿੰਘ (4) ਭਾ: ਸੁਹੇਲ ਸਿੰਘ (5) ਭਾ: ਸੁਲਤਾਨ ਸਿੰਘ (6) ਭਾ: ਸੋਭਾ ਸਿੰਘ (7) ਭਾ: ਸੰਤ ਸਿੰਘ (8) ਭਾ: ਹਰਸਾ ਸਿੰਘ (9) ਭਾ: ਹਰੀ ਸਿੰਘ (10) ਭਾ: ਕਰਨ ਸਿੰਘ (11) ਭਾ: ਕਰਮ ਸਿੰਘ (12) ਭਾ: ਕਾਲਾ ਸਿੰਘ (13) ਭਾ : ਕੀਰਤ ਸਿੰਘ (14) ਭਾ: ਕਿਰਪਾਲ ਸਿੰਘ (15) ਭਾ: ਖੁਸ਼ਹਾਲ ਸਿੰਘ (16) ਭਾ: ਗੁਲਾਬ ਸਿੰਘ (17) ਭਾ: ਗੰਗਾ ਸਿੰਘ (18) ਭਾ: ਗੰਡਾ ਸਿੰਘ (19) ਭਾ: ਘਰਬਾਰਾ ਸਿੰਘ (20) ਭਾ: ਚੰਬਾ ਸਿੰਘ (21) ਭਾ: ਜਾਦੋ ਸਿੰਘ (22) ਭਾ: ਜੋਗਾ ਸਿੰਘ (23) ਭਾ: ਜੰਗ ਸਿੰਘ (24) ਭਾ: ਦਯਾਲ ਸਿੰਘ (25) ਭਾ: ਦਿਲਬਾਗ ਸਿੰਘ (26) ਭਾ: ਦਰਬਾਰਾ ਸਿੰਘ (27) ਭਾ: ਧਰਮ ਸਿੰਘ (28) ਭਾ: ਧੰਨਾ ਸਿੰਘ (29) ਭਾ: ਨਿਹਾਲ ਸਿੰਘ (30) ਭਾ: ਨਿਧਾਨ ਸਿੰਘ (31) ਭਾ: ਬੂੜ ਸਿੰਘ (32) ਭਾ: ਭਾਗ (33) ਭਾ: ਭੋਲਾ ਸਿੰਘ (34) ਭਾ: ਭੰਗਾ ਸਿੰਘ (35) ਭਾ: ਮਹਾਂ ਸਿੰਘ ਜੱਥੇਦਾਰ (36) ਭਾ: ਮੱਜਾ ਸਿੰਘ (37) ਭਾ: ਮਾਨ ਸਿੰਘ (38) ਭਾ: ਮੈਯਾ ਸਿੰਘ (39) ਭਾ: ਰਾਇ ਸਿੰਘ (40) ਭਾ: ਲਛਮਣ ਸਿੰਘ ਜੀ ਅਤੇ ਧੰਨ ਧੰਨ ਮਾਤਾ ਭਾਗ ਕੌਰ ਜੀ ਦੀ ਅਗਵਾਈ ਹੇਠ ਕੀਤੀ ਕੁਰਬਾਨੀ ਦੀ ਯਾਦ ਵਿੱਚ ਬਾਹਰੋ ਆ ਰਹੇ ਜਿਸ ਵਿੱਚ ਸੱਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਅਤੇ ਹਜੂਰੀ ਰਾਗੀ ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਪੁੱਜ ਕੇ ਅਖੰਡ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ । ਅਖੰਡ ਕੀਰਤਨੀ ਜੱਥਿਆਂ ਵੱਲੋਂ ਮਿਤੀ 07-05-2022 ਸ੍ਰੀ ਗੁਰਦੁਆਰਾ ਤੰਬੂ ਸਾਹਿਬ ਵਿਖੇ ਸ਼ਾਮ ਦੇ 8 ਵਜੇ ਤੋਂ ਮਿਤੀ 08-05-2022 ਸਵੇਰ ਤੱਕ ਅਖੰਡ ਕੀਰਤਨ ਸਮਾਗਮ ਸਮਾਪਤ ਹੋਣਗੇ । ਦੋਇ ਕਰ ਜੋੜ ਬੇਨਤੀ ਹੈ ਕਿ ਸਮਾਗਮ ਦੀਆਂ ਹਾਜ਼ਰੀਆਂ ਭਰਕੇ ਆਪਣਾ ਜਨਮ ਸਫਲਾ ਕਰੋ ਜੀ ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ ।**

**ਸਹਿਯੋਗੀ ਧਾਰਮਿਕ ਸੰਸਥਾਵਾਂ :- ਸਮੂਹ ਸ੍ਰੀ ਸੁਖਮਨੀ ਸਾਹਿਬ ਸੁਸਾਇਟੀਆਂ, ਜੱਥਾ ਬਾਬਾ ਬਿਧੀ ਚੰਦ ਜੀ ਛਾਉਣੀ**

ਜੱਥੇਬੰਦੀ ਨਿਹੰਗ ਸਿੰਘ ਗੁਰਦੁਆਰਾ ਸ੍ਰੀ ਖੂਹ ਸਾਹਿਬ, ਸ੍ਰੀ ਮੁਕਤਸਰ ਸਾਹਿਬ ਸਿੱਖ ਵਿਰਸਾ ਸੰਭਾਲ ਸੰਸਥਾ ਸ੍ਰੀ ਮੁਕਤਸਰ ਸਾਹਿਬ ਭਾਈ ਨਿਧਾਨ ਸਿੰਘ ਜੀ ਮੋ: 94171-76032 ਮੋਗੇ ਵਾਲੇ

ਪੁੱਛ ਗਿੱਛ :- ਭਾਈ ਮਹਿੰਦਰ ਸਿੰਘ, ਮੁੱਖ ਸੇਵਾਦਾਰ ਮਾਲਵਾ ਜੋਨ, ਰੀਟਾ: ਸਪੋਰਟਸ ਅਫਸਰ (ਐਨ.ਐਫ.ਸੀ.)
ਗਲੀ ਨੰ: 22, ਗੋਨਿਆਣਾ ਰੋਡ, ਸ੍ਰੀ ਮੁਕਤਸਰ ਸਾਹਿਬ ਫੋਨ : 94636-47265
ਰਜਿੰਦਰ ਸਿੰਘ ਰਾਣਾ ਮੋ: 98552-23498
ਭਾਈ ਹਰਚਰਨ ਸਿੰਘ ਅਸੈਸਟੈਂਟ Admin BRO ਸ੍ਰੀ ਮੁਕਤਸਰ ਸਾਹਿਬ 94649-56675
ਹੈੱਡ ਗ੍ਰੰਥੀ ਸਿੰਘ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਟੁੱਟੀ ਗੰਢੀ ਸਾਹਿਬ

ਸੰਗਤਾਂ ਦਾ ਦਾਸ :- ਇੰਟਰਨੈਸ਼ਨਲ ਅਖੰਡ ਕੀਰਤਨੀ ਜੱਥਾ
ਸ੍ਰੀ ਮੁਕਤਸਰ ਸਾਹਿਬ

ਦਾਸ : ਮੈਨੇਜਰ ਸ੍ਰੀ ਦਰਬਾਰ ਸਾਹਿਬ
ਸ੍ਰੀ ਮੁਕਤਸਰ ਸਾਹਿਬ


ਪਾਤਿਸ਼ਾਹੀ ਦਸਵੀਂ
ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ
ਸ੍ਰੀ ਮਾਛੀਵਾੜਾ ਵਿਖੇ
ਮਿਤੀ 07 ਮਈ 2022 (ਸਨਿੱਚਰਵਾਰ) ਦੀ ਰਾਤ ਨੂੰ
ਸਾਲਾਨਾ ਕੀਰਤਨ ਰੈਣਿ ਸਬਾਈ
ਆਪ ਜੀ ਸਰਬਤ ਗੁਰੂ ਕੇ ਲਾਲ ਕੀਰਤਨੀ ਵੀਰਾਂ, ਭੈਣਾਂ ਅਤੇ ਸਰਬਤ ਸੰਗਤਾਂ ਦੇ ਚਰਨਾਂ ਵਿੱਚ ਦੋਇ ਕਰ ਜੋੜ ਸਨਿਮਰ ਜੋਦੜੀ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਗੜ੍ਹੀ ਨੂੰ ਛੱਡਣ ਉਪਰੰਤ ਬਹੁਤ ਹੀ ਬਿੱਖੜੇ ਪੈਂਡਿਆਂ ਰਾਹੀਂ ਆਪ ਜੀ ਦੇ ਦਰਸ਼ਨਾਂ ਨੂੰ ਤਰਸਦੀਆਂ ਪਵਿੱਤਰ ਰੂਹਾਂ ਨੂੰ ਤਾਰਦੇ ਹੋਏ ਮਾਛੀਵਾੜਾ ਵਿਖੇ ਇੱਥੇ ਸਥਿਤ ਬਾਗ ਵਿੱਚ ਪਹੁੰਚੇ ਇਸ ਅਸਥਾਨ ਤੇ ਟਿੰਡ ਦਾ ਸਰਹਾਣਾ ਲੈ ਕੇ ਕੁਝ ਸਮੇਂ ਲਈ ਆਰਾਮ ਕੀਤਾ ਤੇ ਇੱਥੇ ਹੀ ਇਹ ਪਵਿੱਤਰ ਸ਼ਬਦ “ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ” ਉਚਾਰਿਆ। ਗੁਰੂ ਸਾਹਿਬ ਜੀ ਦੇ ਪਵਿੱਤਰ ਚਰਨਾਂ ਛੋਹੀ ਧਰਤੀ, ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਸਾਲਾਨਾ ਕੀਰਤਨ ਰੈਣਿ ਸਬਾਈ ਸੋਦਰੁ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਸ਼ਾਮ 7.30 ਵਜੇ ਸ਼ੁਰੂ ਹੋਣਗੇ, ਜਿਹਨਾਂ ਦਾ ਸੰਪੂਰਨ ਭੋਗ ਐਤਵਾਰ ਸਵੇਰੇ 4.00 ਵਜੇ ਪਵੇਗਾ ਜੀ।
ਆਉ ਜੀ, ਆਪਣੇ ਪਰਿਵਾਰਾਂ ਅਤੇ ਸੰਗੀ ਸਾਥੀਆਂ ਸਹਿਤ ਗੁਰਬਾਣੀ ਕੀਰਤਨ ਦੇ ਇਲਾਹੀ ਰਸ ਭੁੰਚਣ ਵਾਸਤੇ ਦੀਦਾਰ ਬਖਸ਼ੋ ਜੀ।
ਸੰਗਤਾਂ ਦੀ ਚਰਨ ਧੂੜ ਲੋਚਦੇ ਆਪ ਜੀ ਨੇ ਦੀਦਾਰਾਂ ਦੀ ਤਾਂਘ ਅੰਦਰ
ਦਾਸਰੇ :- ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ
ਸੰਪਰਕ : 9988381739 98726-33388 93160-23874 98889-51166
ਸਹਿਯੋਗੀ : ਸਮੂਹ ਅਖੰਡ ਕੀਰਤਨੀ ਜੱਥੇ ਅਤੇ
ਮੈਨੇਜਰ ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ, ਦਰਬਾਰ ਸਾਹਿਬ ਮਾਛੀਵਾੜਾ ਸਾਹਿਬ
ਮੈਜਸਟਿਕ ਪ੍ਰਿੰਟਿੰਗ ਪ੍ਰੈਸ, ਬੇ-ਸ਼ਾਪ 7, ਫੇਜ਼ 7, ਮੋਹਾਲੀ। ਫੋਨ : 0172-5090645-646

# ਅਖੰਡ ਕੀਰਤਨ ਸਮਾਗਮ

ਮਿਤੀ 5-6-2022 ਦਿਵਸ ਸੋਹੇਲਾ ਅਖੰਡ ਕੀਤਰਨ ਸਮਾਗਮ
ਸਵੇਰੇ 6 ਵਜੇ ਤੋਂ ਦੁਪਿਹਰ 2 ਵਜੇ ਤਕ ਗੁਰੂਦੁਆਰਾ ਤਪੋਵਨ
ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰਸਟ) ਕੁਮਾਰਹੱਟੀ ਵਿੱਖੇ
ਹੋਣਗੇ ਸਗਤਾਂ ਪ੍ਰਤਿ ਪ੍ਰੇਮ ਸਹਿਤ ਬੇਨਤੀ ਹੈ ਕਿ ਇਸ ਸਮਾਗਮ
ਵਿੱਚ ਹਾਜਰੀਆਂ ਭਰ ਕੇ ਖੁਸ਼ੀਆਂ ਲਈਆਂ ਜਾਣ ਤੇ ਇਸ
ਪਵਿੱਤਰ ਅਸਥਾਨ ਤੇ ਦਰਸ਼ਨ ਪਰਸ਼ਨ ਕਰਕੇ ਆਪਣਾ ਜੀਵਨ
ਸਫਲਾ ਕੀਤਾ ਜਾਵੇ ਜਿਸਦੇ ਪ੍ਰਬੰਧਕ ਅਤੀ ਰੀਣੀ ਦੇ ਧੰਨਵਾਦੀ ਹੋਣਗੇ



**Live telecast at akj.org**

ਦਾਸਰੇ: ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ
ਪ੍ਰਬੰਧਕ : ਗੁਰੂਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰਸਟ) ਕੁਮਾਰਹੱਟੀ
98143-00245, 75289-00045, 98153-01010, 87089-58920, 99888-02622, 99888-04622,

## ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਸ਼ਿਮਲਾ

ਹਰ ਸਾਲ ਦੀ ਤਰ੍ਹਾਂ ਸ਼ਿਮਲਾ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 20.07.2022 ਤੋਂ ਲੈ ਕੇ 24.07.2022 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਮਲਾ ਵਿਖੇ ਹੋ ਰਹੇ ਹਨ, ਜਿਸਦਾ ਵੇਰਵਾ ਅਗਲੇ ਪਰਚੇ ਵਿੱਚ ਦਿੱਤਾ ਜਾਵੇਗਾ ਜੀ।ਸੰਗਤਾਂ ਨੋਟ ਕਰ ਲੈਣ ਜੀ।

ਦਾਸਰੇ : ਅਖੰਡ ਕੀਰਤਨ ਜੱਥਾ (ਰਜਿ.) ਚੰਡੀਗੜ੍ਹ।

ਮੋਬਾਇਲ : 98143-00245, 7528900045, 9815301010, 8708958920, 9988802622, 9988804622

## ਕੇਦੰਰੀ ਸਾਲਾਨਾ ਅੰਖਡ ਕੀਰਤਨ ਸਮਾਗਮ

### ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ

12,13,14 ਅਤੇ 15 ਅਗਸਤ 2022

ਦਿਵਸ ਸੁਹੇਲਾ ਅਤੇ ਰੈਣ ਸਬਾਈ ਕੀਰਤਨ 14 ਅਗਸਤ ਐਤਵਾਰ 2022

# ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ



ਹਰ ਸਾਲ ਦੀ ਤਰ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਦੇ ਸੰਬੰਧ ਵਿੱਚ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ 07 ਜੁਲਾਈ 2022 ਤੋਂ ਲੈ ਕੇ 10 ਜੁਲਾਈ 2022 ਸਵੇਰ ਤਕ ਗੁਰਦੁਆਰਾ ਗੁਰਮਤਿ ਸੰਚਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਐਫ ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਹੋਣਗੇ। ਜਿਸਦਾ ਵੇਰਵਾ ਅਗਲੇ ਪਰਚੇ ਵਿੱਚ ਦਿੱਤਾ ਜਾਵੇਗਾ ਜੀ। ਸੰਗਤਾਂ ਨੋਟ ਕਰ ਲੈਣ ਜੀ।

**ਦਾਸਰੇ : ਅਖੰਡ ਕੀਰਤਨੀ ਜੱਥਾ, ਲੁਧਿਆਣਾ ਅਤੇ ਭਾਈ ਰਣਧੀਰ ਸਿੰਘ ਟਰੱਸਟ, ਲੁਧਿਆਣਾ।**

ਮੋਬਾਇਲ : 98151-56014, 98156-11924

# ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਰਾਜੋਰੀ ਗਾਰਡਨ, ਨਵੀਂ ਦਿੱਲੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਹੋਰ ਪੁਰਾਤਨ ਰੰਗਲੇ ਸਿੰਘਾਂ ਦੀ ਯਾਦ ਵਿੱਚ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 19.05.2022 ਤੋਂ ਲੈ ਕੇ 21.05.2022 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰਾਜੋਰੀ ਗਾਰਡਨ, ਨਵੀਂ ਦਿੱਲੀ ਵਿਖੇ ਹੋਣਗੇ। ਸੰਗਤਾਂ ਨੋਟ ਕਰ ਲੈਣ ਤੇ ਆਏ ਦੀਦਾਰ ਬਖਸ਼ੋ ਜੀ।



**ਦਾਸਰੇ : ਅਖੰਡ ਕੀਰਤਨੀ ਜੱਥਾ ਦਿੱਲੀ (ਰਜਿ.)**

**ਸਹਿਯੋਗੀ - ਸਮੂਹ ਪ੍ਰਬੰਧਕ ਕਮੇਟੀ, ਗੁ. ਸ੍ਰੀ ਗੁਰੂ ਸਿੰਘ ਸਭਾ, ਰਾਜੋਰੀ ਗਾਰਡਨ, ਨਵੀਂ ਦਿੱਲੀ**

ਮੋਬਾਇਲ : 98990-06748, 98103-63924

**ਗੁਰਮੁਖਿ ਜਨਮੁ ਸਵਾਰਿ, ਦਰਗਹਿ ਚਲਿਆ॥**
**ਸਚੀ ਦਰਗਹ ਜਾਇ, ਸਚਾ ਪਿੜ ਮਲਿਆ॥**













ਅਖੰਡ ਜੱਥੇ ਦੇ ਪੁਰਾਤਨ ਕੀਰਤਨੀਏ ਮਾਸਟਰ ਗੁਰਬਚਨ ਸਿੰਘ, ਦਿਆਲਪੁਰ ਜੀ ਦੇ ਪੋਤਰੇ ਤੇ ਭਾਈ ਇੰਦਰਜੀਤ ਸਿੰਘ ਜੀ ਦਿਆਲਪੁਰ ਵਾਲਿਆਂ ਦਾ ਪੁੱਤਰ ਕਾਕਾ ਅਗਮਜੋਤ ਸਿੰਘ ਜੋ ਸਿਰਫ 14 ਸਾਲ ਦੀ ਉਮਰ ਵਿੱਚ ਇਕ ਸੜਕ ਹਾਦਸੇ ਵਿੱਚ ਮਿਤੀ 17.04.2022 ਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜਿਆ ਹੈ। ਕਾਕਾ ਅਗਮਜੋਤ ਸਿੰਘ ਦਾ ਅੰਤਿਮ ਸੰਸਕਾਰ 21.04.2022 ਨੂੰ ਪਿੰਡ ਦਿਆਲਪੁਰ ਵਿਖੇ ਕਿਤਾ ਗਿਆ। ਉਨ੍ਹਾਂ ਦੇ ਗ੍ਰਿਹ ਵਿਖੇ ਸਵੇਰੇ 9.00 ਵਜੇ ਤੋਂ ਲੈ ਕੇ ਦੁਪਹਿਰ 1.00 ਵਜੇ ਤਕ ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਉਸ ਪਿਆਰੇ ਨੂੰ ਅਸੀਸਾਂ, ਬਖਸੀਸਾਂ ਦੇ ਕੇ ਹਾਜਰੀਆਂ ਭਰੀਆਂ ਅਤੇ ਗੁਰੂ ਮਹਾਰਾਜ ਜੀ ਅੱਗੇ ਅਰਦਾਸਾਂ, ਜੋਦੜੀਆਂ ਕੀਤੀਆਂ। ਅਦਾਰਾ ਆਤਮ ਰੰਗ ਵੱਲੋਂ ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਉਸ ਬੱਚੇ ਨੂੰ ਸਦੀਵੀ ਅਪਨੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਆਵਾਗਮਨ ਦੇ ਚੱਕਰ ਵਿੱਚੋਂ ਬਚਾ ਕੇ ਰੱਖਣ ਤੇ ਪਿੱਛੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ਣ

Registered with the Registrar
of News Papers of India
Regd. No. R-70727/99

# ATAM RANG

*May- 2022*

Postal Regd. No.
CHDG/0025/2021-23

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥
ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥



















ਹਰ ਸਾਲ ਦੀ ਤਰ੍ਹਾਂ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 22.03.2022 ਤੋਂ ਲੈ ਕੇ 26.03.2022 ਸਵੇਰ ਤਕ ਅਖੰਡ ਕੀਰਤਨੀ ਜੱਥਾ, ਮੋਗਾ ਵੱਲੋਂ ਗੁਰਦੁਆਰਾ ਗੁਰੂ ਤੇਗ ਬਹਾਦਰ ਜੀ, ਦੋਸਾਂਝ ਰੋਡ, ਮੋਗਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।